# ਧਰਮ ਪ੍ਰਚਾਰ (ਭਾਗ-5)

## (ਅਧਿਆਤਮਿਕ ਪੱਖ)

ਅਕਾਲ ਪੁਰਖ ਨੇ 'ਦੇਖਨ ਕਉ ਪ੍ਰਪੰਚ ਕੀਆ' ਅਨੁਸਾਰ ਆਪਣੀ ਮੌਜ ਵਿਚ ਇਹ ਕਾਇਨਾਤ ਸਾਜੀ ਹੈ। ਚੁਰਾਸੀ ਲੱਖ ਜੂਨਾਂ ਤੇ ਹੋਰ ਬੇਅੰਤ 'ਤਤ' ਸਾਜ ਕੇ, ਇਨ੍ਹਾਂ ਵਿਚ ਅਦ੍ਰਿਸ਼ਟ, ਸੂਖਮ, ਸਰੂਪ ਵਿਚ, ਆਪ ਹੀ ਗੁਪਤ ਵਰਤ ਰਿਹਾ ਹੈ। ਇਸ ਇਲਾਹੀ 'ਜੋਤ' ਉਦਾਲੇ, 'ਹਉਮੈ' ਦੇ ਭਰਮ-ਭੁਲਾਵੇ ਦਾ 'ਛੌੜ' ਚੜ੍ਹਨ ਕਾਰਨ, ਇਹ ਅੱਡ-ਅੱਡ 'ਹਸਤੀਆਂ' ਬਣੀਆਂ ਹੋਈਆਂ ਹਨ, ਜਿਨ੍ਹਾਂ ਨੂੰ 'ਜੀਵ' ਕਿਹਾ ਜਾਂਦਾ ਹੈ। ਇਨ੍ਹਾਂ ਜੀਵਾਂ ਦੇ ਜਨਮ, ਵਧਣ-ਫੁੱਲਣ, ਪ੍ਰਤਿਪਾਲਨਾ, ਵਿਕਾਸ ਤੇ 'ਲੈ' ਲਈ, ਆਪਣੇ ਇਲਾਹੀ 'ਹੁਕਮ' ਦੁਆਰਾ 'ਕੁਦਰਤ' ਬਣਾ ਦਿਤੀ। ਇਹ ਕੁਦਰਤ, ਕੋਈ ਬਾਹਰਲੀ ਅੱਡਰੀ 'ਹਸਤੀ' ਨਹੀਂ ਚਲਾ ਰਹੀ। ਇਸ ਕੁਦਰਤ ਵਿਚ, ਹਰ ਇਕ ਸ਼ੈਅ ਜਾਂ ਜੀਵ, ਉਸ ਦੇ ਅੰਤਰ 'ਨਾਲ ਲਿਖੇ ਇਲਾਹੀ 'ਹੁਕਮ' ਦੁਆਰਾ, ਜੀਵਨ ਵਿਚ ਵਿਚਰ ਰਿਹਾ ਹੈ।

'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' (ਜਪੁਜੀ)

ਇਹ 'ਹੁਕਮ' ਕਿਤਾਬਾਂ ਵਿਚ ਨਹੀਂ ਲਿਖਿਆ ਹੋਇਆ। ਇਹ ਤਾਂ ਹਰ ਜੀਵ ਦੇ ਨਾਲ, ਉਸ ਦੀ ਸਾਜਨਾ ਵੇਲੇ, ਧੁਰੋਂ ਹੀ ਅੰਤਰ-ਆਤਮੇ ਲਿਖਿਆ ਆਉਂਦਾ ਹੈ (inherent and inlaid within every soul)। ਕਿਤਾਬਾਂ ਵਿਚ ਲਿਖੇ ਕਾਨੂੰਨ ਤਾਂ ਮਿੱਟ ਸਕਦੇ ਹਨ, ਜਾਂ ਬਦਲ ਸਕਦੇ ਹਨ। ਪਰ ਇਹ ਇਲਾਹੀ ਹੁਕਮ, ਜੀਵ ਦੇ ਅੰਤਰ-ਆਤਮੇ 'ਨਾਲ' ਲਿਖਿਆ ਹੋਣ ਕਰਕੇ, ਅਭੁੱਲ, ਅੱਟਲ, ਸਦੀਵੀ, ਇਕ ਸਾਰ ਵਰਤ ਰਿਹਾ ਹੈ। ਇਲਾਹੀ 'ਹੁਕਮ' ਭਿੰਨ ਭਿੰਨ ਜੂਨਾਂ ਦੀਆਂ ਅੱਡ-ਅੱਡ ਜੀਵਾਂ ਵਿਚ ਓਤ-ਪੋਤ ਲਿਪਟ ਕੇ ਗੁਪਤ ਰੂਪ ਵਿਚ ਵਰਤ ਰਿਹਾ ਹੈ।

ਜਦੋਂ ਤਕ ਜੀਵ ਇਸ ਇਲਾਹੀ 'ਹੁਕਮ' ਨੂੰ ਬੁਝਕੇ ਇਸ ਦੀ ਰਜ਼ਾ ਵਿਚ ਚਲਦਾ ਹੈ, ਉਦੋਂ ਤਾਈਂ ਜੀਵ ਆਤਮਿਕ, 'ਜੀਵਨ-ਰੌਂ' ਵਿਚ ਸਹਜੇ ਹੀ ਰੁੜ੍ਹਦਾ ਹੋਇਆ, ਆਪਣੇ 'ਹੁਕਮੀ' ਅਕਾਲ ਪੁਰਖ ਵਲ 'ਖਿਚੀਂਦਾ' ਜਾਂਦਾ ਹੈ।

ਪਰ ਜਦ ਜੀਵ, ਆਪਣੀ 'ਹਉਮੈ' ਦੇ ਭਰਮ-ਭੁਲਾਵੇ ਵਿਚ, ਆਪਣੀ ਸਿਆਣਪ ਤੇ ਚਤੁਰਾਈ ਘੋਟਦਾ ਹੈ, ਅਤੇ ਇਲਾਹੀ 'ਜੀਵਨ-ਰੌਂ' ਦੀ ਰਵਾਨਗੀ ਵਿਚ ਵਿਘਨ ਪਾ ਦਿੰਦਾ ਹੈ, ਤਾਂ ਉਹ ਇਲਾਹੀ 'ਹੁਕਮ' ਤੋਂ ਬੇਮੁਖ ਹੋ ਕੇ, ਤ੍ਰੈਗੁਣੀ ਮਾਇਕੀ ਅਸੂਲ, 'ਜੋ ਮੈਂ ਕੀਆ ਸੋ ਮੈਂ ਪਾਇਆ' (Karmic Law) ਦੇ ਅਧੀਨ ਜੀਵਨ ਭੋਗਦਾ ਹੈ।



# Religious Preaching Part 5

## (Spiritual Aspect)

The Infinite Lord in His joy brought this creation into being to 'witness the intricate phenomenal world'. Creating the 8.4 million forms of life – forms with numerous other 'elements', He Himself in an unseen, subtle form, invisibly operating within them. Because of the cloak of doubt – fallacy of egotism, these things that we call life-forms, appear to be existing as individual entities. For the birth, flourishment, nurturing, extension and death of these life-forms, God has created 'nature' through His Divine command. This nature is not being run by some separate external 'entity'. Every thing or life form is living its life according to the 'in-laid Divine Hukam or Command'.

*O Nanak, it is written that you shall obey the Hukam of His Command, and walk in the Way of His Will.* *1 L7*

This 'Hukam or Command' is not written in books. It is inherent and inlaid within every soul at the time of its birth. The laws written in books can be erased or can be changed. But this Divine Law, because it is inherent and inlaid in each soul, it is operating as an unerring, permanent, eternal and unceasing way. The 'Divine Law' is operating secretly in an interwoven-intermingled way in the varied life-forms as they go through their different transmigrations.

As long as man upon unraveling the Divine 'Law' abides by it, until then man is spontaneously taken by the Divine 'life-current', and automatically drawn towards its 'Commander' the Infinite Lord'.

But when man, in the doubt-fallacy of 'egotism', takes cue from his intelligence and cunningness, he interrupts the flow of Divine 'Life-Current' and consequently he renegades from the Divine 'Law' and leads his life according to the worldly Karamic Law 'I reap what I sow'.

ਜੀਵ— ਅਕਾਲ ਪੁਰਖ ਦੀ ਜੋਤ-ਸਰੂਪੀ 'ਪ੍ਰਕਾਸ਼' ਦੀ **'ਚਿਣਗ'** ਜਾਂ **'ਜੋਤ'** ਹੋਣ ਕਾਰਣ, ਇਸ ਦੀ **ਸਾਜਨਾ ਦੇ ਨਾਲ** ਹੀ ਇਸ ਦੀ **ਪਾਲਣ-ਪੋਸਣ** ਅਤੇ **ਵਿਕਾਸ ਦਾ ਸੰਪੂਰਨ ਤੇ ਅਭੁਲ ਪ੍ਰਬੰਧ** ਆਪਣੇ **'ਹੁਕਮ'** ਦੁਆਰਾ ਕਰ ਛਡਿਆ ਹੈ।

ਜੀਵ ਦੇ ਸਰੀਰਕ, ਮਾਨਸਿਕ ਅਤੇ ਆਤਮਿਕ **ਵਿਕਾਸ** ਨੂੰ ਕਿਸੇ ਬਾਹਰਲੀ ਸ਼ਕਤੀ ਦੇ **ਆਸਰੇ ਨਹੀਂ ਛਡਿਆ।** ਬਾਹਰਲੀ ਸ਼ਕਤੀ ਦੇ ਕਾਨੂੰਨ ਅਧੂਰੇ **ਤੇ ਗਲਤ** ਹੋ ਸਕਦੇ ਹਨ ਤੇ **ਬਦਲ** ਸਕਦੇ ਹਨ। ਪਰ **ਇਲਾਹੀ 'ਹੁਕਮ'** ਸੰਪੂਰਨ, ਅਭੁੱਲ, ਅਟਲ, **ਧੁਰਾਂ** ਤੋਂ ਇਕਸਾਰ ਵਰਤਦਾ ਆਇਆ ਹੈ ਤੇ ਇਸ ਤਰ੍ਹਾਂ ਸਦੀਵੀ ਚਲਦਾ ਰਹੇਗਾ।

ਦੁਨਿਆਵੀ 'ਮਾਂ' ਆਪਣੇ ਬੱਚੇ ਦੀ ਸਦਾ **ਸ਼ੁਭ-ਚਿੰਤਕ** ਹੈ, ਤੇ ਉਸ ਦਾ **ਭਲਾ ਲੋਚਦੀ ਹੈ**, ਅਤੇ **ਪਿਆਰ ਕਰਦੀ ਹੈ।**

ਦੁਨਿਆਵੀ 'ਮਾਂ' ਦੇ ਹਿਰਦੇ ਵਿਚ ਆਪਣੀ **'ਅੰਸ਼'**—ਬੱਚੇ ਲਈ, ਇਹ ਅਟੁੱਟ ਪਿਆਰ ਤੇ **ਸ਼ੁਭ-ਭਾਵਨਾਵਾਂ, ਇਲਾਹੀ 'ਮਾਂ'**, ਪ੍ਰਮਾਤਮਾ ਦਾ ਆਪਣੀ **'ਅੰਸ਼'**, ਜੀਵਾਂ ਲਈ, **ਬੇਅੰਤ ਆਤਮਿਕ ਪਿਆਰ** ਤੇ **ਸ਼ੁਭ-ਭਾਵਨਾਵਾਂ** ਦਾ ਹੀ **'ਅਕਸ' ਪ੍ਰਤੀਕ' ਹੈ।**

ਗੁਰਬਾਣੀ ਵਿਚ ਇਸ ਇਲਾਹੀ ਪਿਆਰ ਨੂੰ ਇਉਂ ਦਰਸਾਇਆ ਗਿਆ ਹੈ :—

ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ ॥ (ਪੰਨਾ 1235)

ਅਪੁਨੇ ਜੀਅ ਜੰਤ ਪ੍ਰਤਿਪਾਰੇ ॥ ਜਿਉ ਬਾਰਿਕ ਮਾਤਾ ਸੰਮਾਰੇ ॥ (ਪੰਨਾ 105)

ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥<br>ਨਾਨਕ ਓਇ ਪਰਮੇਸੁਰ ਕੇ ਪਿਆਰੇ ॥ (ਪੰਨਾ 276)

ਪ੍ਰਤਿਪਾਲੈ ਜੀਅਨ ਬਹੁ ਭਾਤਿ ॥ ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥ (ਪੰਨਾ 292)

ਸਰਬ ਜੀਆ ਪ੍ਰਤਿਪਾਲਦਾ ਮੇਰੀ ਜਿੰਦੁੜੀਏ<br>ਜਿਉ ਬਾਲਕ ਪਿਤ ਮਾਤਾ ਰਾਮ ॥ (ਪੰਨਾ 541)

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ।<br>ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥ (ਪੰਨਾ 612)

ਸਾਰਿ ਸਮਾਲੇ ਨਿਤਿ ਪ੍ਰਤਿਪਾਲੇ ਪ੍ਰੇਮ ਸਹਿਤ ਗਲਿ ਲਾਵੈ ॥ (ਪੰਨਾ 617)

ਮੇਰਾ ਮਾਤ ਪਿਤਾ ਹਰਿ ਰਾਇਆ ॥<br>ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰੀ ਤੇਰਾ ਕਰਾਇਆ ॥ (ਪੰਨਾ 627)

ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੇ ਥਾਉ ॥<br>ਰਿਜਕ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾ ਕਾ ਨਾਉ ॥ (ਪੰਨਾ 640)

ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥<br>ਰਕਤ ਕਿਰਮ ਮਹਿ ਨਹੀ ਸੰਘਾਰਿਆ ॥ (ਪੰਨਾ 1084)



Man, because he is the 'splint' or 'light' of the illumination of the Infinite Lords manifestation, together with his birth, the perfect and unerring management pertaining to his nurturing, his growth has been done through God's 'Hukam or Law'.

Man's physical, mental and spiritual growth has not been left to some outside power. The rules of some external power can be wanting (inadequate) and wrong and also subject to change. But the Divine 'Law' is perfect, unerring, permanent, operating unceasingly from the very beginning of creation and it will continue to do so forever.

The worldly mother is forever very protective of her child. She prays for his/her well being and loves him/her.

Worldly mother's incessant love and true affection in her heart for her offspring is a reflection, a symbol of limitless Divine Love and True Affection that the Supreme Soul (God) has for His offspring, man.

This Divine Love has been described in Gurbani as follows:-

1 *In each and every heart, the Story of our Sovereign Lord is told;<br>in each and every home, they yearn for Him.* *1235 L8*

2 ***He cherishes all His beings and creatures,<br>as the mother cares for her children.*** ***105 L5***

3 *He remembers His servants with each and every breath.<br>O Nanak, they are the beloveds of the Transcendent Lord God.* *276 L17*

4 ***He cherishes His living beings in so many ways.<br>That which He has created meditates on Him.*** ***292 L15***

5 *He cherishes all beings, O my soul, as the mother and father cherish their child.* *541 L16*

6 ***God is the Lord and Master of millions of universes; He is the Giver of all beings.<br>He ever cherishes and cares for all beings, but the fool does not appreciate any of His virtues.*** ***612 L5***

7 *He ever preserves and cherishes His servant; with Love, He hugs him close.* *617 L14*

8 ***The Lord is my King; He is my mother and father.<br>In Your Mercy, You cherish me; I do whatever You make me do.*** ***627 L1***

9 *He nurtures even the most worthless, O Siblings of Destiny, and gives home to the homeless.<br>He gives us nourishment with each and every breath, O Siblings of Destiny; His Name is everlasting.* *640 L8*

10 ***He saved you from the fire of the womb,<br>and did not destroy you, when you were an egg in your mother's ovary.*** ***1084 L15***

ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥
ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ ॥
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥ (ਪੰਨਾ 1101)
ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ ॥
ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ ॥ (ਪੰਨਾ 1214)

ਜਦ ਕਿ ਜੀਵਾਂ ਦੀ ਸਰੀਰਕ ਅਤੇ ਮਾਨਸਿਕ ਸੰਭਾਲ ਤੇ ਵਿਕਾਸ ਲਈ ਅਕਾਲ ਪੁਰਖ ਨੇ ਆਪਣੇ 'ਹੁਕਮ' ਦੁਆਰਾ ਕੁਦਰਤ ਦੀ ਰਚਨਾ ਦੇ ਨਾਲ ਹੀ, ਸੰਪੂਰਨ ਤੇ ਅਟਲ ਪ੍ਰਬੰਧ ਕਰ ਦਿਤਾ ਹੈ, ਤਾਂ ਸਾਡੇ 'ਮਾਨਸਿਕ ਵਿਕਾਸ' ਲਈ ਭੀ ਧੁਰਾਂ ਤੋਂ ਹੀ ਸੰਪੂਰਨ, ਅਭੁੱਲ, ਅਟਲ ਸਾਧਨ ਜਾਂ 'ਧਰਮ' ਸਾਡੇ ਅੰਤਰ-ਆਤਮੇ ਨਾਲ ਹੀ ਲਿਖ ਦਿਤਾ ਹੈ। ਤਾਂ ਕਿ ਉਸ ਦੀ ਪਿਆਰੀ 'ਅੰਸ਼-ਰੂਪ' ਜੀਵ ਨੂੰ, ਆਤਮਿਕ ਜੀਵਨ ਦੀ ਸਹੀ ਅਗਵਾਈ ਲਈ, ਕਿਸੇ ਬਾਹਰਲੇ ਦਿਮਾਗੀ ਗਿਆਨ ਦਾ ਆਸਰਾ ਨਾ ਲੈਣਾ ਪਵੇ। ਕਿਉਂਕਿ ਬਾਹਰ ਮੁੱਖੀ ਦਿਮਾਗੀ ਗਿਆਨ 'ਹਉਂਮੈ' ਦੇ ਭਰਮ ਭੁਲਾਵੇ ਵਿਚੋਂ ਉਪਜਦਾ ਹੈ। ਇਸ ਲਈ ਇਹ ਬਾਹਰਲਾ ਦਿਮਾਗੀ ਗਿਆਨ ਬਹੁ-ਰੰਗਾਂ, ਬਦਲਵਾਂ, ਅਧੂਰਾ ਤੇ ਗਲਤ ਹੋ ਸਕਦਾ ਹੈ।

ਜੀਵਨ ਦਾ ਸਭ ਤੋਂ ਉੱਚਾ ਸੁੱਚਾ, ਵਿਸ਼ੇਸ਼ ਤੇ ਜ਼ਰੂਰੀ 'ਪੱਖ' 'ਆਤਮਿਕ ਜੀਵਨ' ਹੈ। ਜਦ ਕਿ ਅਕਾਲ ਪੁਰਖ ਨੇ ਆਪਣੀ ਅੰਸ਼ ਰੂਪੀ ਜੀਵਾਂ ਦੇ ਸਰੀਰਕ ਤੇ ਮਾਨਸਿਕ ਜੀਵਨ ਦਾ ਪ੍ਰਬੰਧ ਕਿਸੇ ਬਾਹਰਲੀ ਸ਼ਕਤੀ ਤੇ ਨਹੀਂ ਛਡਿਆ, ਤਾਂ ਜੀਵ ਦੇ ਜ਼ਰੂਰੀ 'ਆਤਮਿਕ ਪੱਖ' ਦੇ ਵਿਕਾਸ ਦਾ ਪ੍ਰਬੰਧ ਕਿਸੇ ਬਾਹਰ ਮੁਖੀ, ਸੀਮਤ, ਭਰਮ ਭੁਲਾਵੇ ਵਾਲੇ, ਦਿਮਾਗੀ ਗਿਆਨ ਜਾਂ 'ਧਰਮ' ਤੇ ਕਿਵੇਂ ਛਡਿਆ ਜਾ ਸਕਦਾ ਹੈ? ਦੂਜੇ ਸ਼ਬਦਾਂ ਵਿਚ ਜੀਵ ਦੇ 'ਆਤਮਿਕ ਜੀਵਨ' ਦੇ ਵਿਕਾਸ ਲਈ ਭੀ, 'ਅੰਤਰ-ਆਤਮੇ' ਹੀ ਅਨਭਵੀ 'ਤੱਤ-ਗਿਆਨ' ਗੁਝੇ ਰੂਪ ਵਿਚ ਬਖਸ਼ ਦਿਤਾ ਹੈ, ਜਿਸ ਨੂੰ ਅਸੀਂ ਅਗਿਆਨਤਾ ਵਿਚ ਬੌਧਿਕ ਗਿਆਨ ਨਾਲ ਬਾਹਰੋਂ ਲਭਦੇ ਫਿਰਦੇ ਹਾਂ :—

ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ (ਪੰਨਾ 102)
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥ (ਪੰਨਾ 442)

ਇਹ ਆਤਮ-ਪ੍ਰਕਾਸ਼ਮਈ 'ਤੱਤ-ਗਿਆਨ' ਜਾਂ 'ਆਤਮਿਕ ਧਰਮ' ਦਾ ਪ੍ਰਕਾਸ਼ ਧੁਰ ਅੰਦਰ ਬਿਰਤੀਆਂ ਨੂੰ ਸ਼ਬਦ-ਸੁਰਤ ਵਿਚ ਲਾ ਕੇ, ਅਟੁੱਟ ਸਿਮਰਨ ਦੁਆਰਾ ਹੀ ਅਨੁਭਵ, ਬੁਝਿਆ, ਸੀਝਿਆ, ਪਹਿਚਾਣਿਆ, ਪ੍ਰਗਟਾਇਆ ਜਾ ਸਕਦਾ ਹੈ।

ਅਕਾਲ ਪੁਰਖ ਨੂੰ ਪਤਾ ਸੀ ਕਿ ਜੀਵ-ਹਉਂਮੈ ਦੇ ਭਰਮ ਭੁਲਾਂਵੇ ਵਿਚ, ਮਾਇਆ ਦੇ ਚਿਲਕਵੇਂ ਚਮਤਕਾਰਾ ਵਿਚ ਫਸ ਸਕਦਾ ਹੈ, ਤੇ 'ਕਰਮ-ਬਧ' ਹੋ ਕੇ ਆਵਾ-ਗਵਨ



1 *The Dear Lord is my mother, the Dear Lord is my father;*
*the Dear Lord cherishes and nurtures me.*
*The Dear Lord takes care of me; I am the child of the Lord.*
*Slowly and steadily, He feeds me; He never fails.*
*He does not remind me of my faults; He hugs me close in His embrace.*
*1101 L17*

2 *He plays with me, He fondles and caresses me. Forever and ever,*
*He blesses me with bliss.*
*He cherishes me, like the father and the mother love their child.* *1214 L1*

When perfect and permanent arrangements for man's physical and mental well being and growth have already been done at the moment of creation by the Infinite Being through His 'Law or command', then for our 'mental development' too perfect, unerring, permanent method or 'religion' has been written into our inherent nature. This is done so that man does not have to depend on some external intellectual knowledge because external mental knowledge arises from the doubt-fallacy of egotism. Such external mental knowledge can be of varied hues or colours, is changeable, imperfect and can be wrong.

The most lofty-pure, unique and important aspect of life is the 'Spiritual Life'. Just as the Infinite Lord has not placed the management of man's physical and mental life in the hands of some external power, then how can the management of growth of the most important area, the 'spiritual aspect' be left in the hands of some external, limited doubt filled intellectual knowledge or 'religion'? In other words, for the development of man's 'spiritual life' too, 'within the innate self', intuitional 'essence of knowledge' has been bestowed to man in a secret format and in our ignorance we are looking for it somewhere outside with our intellectual wisdom.

3 *Everything is within the home of the self; there is nothing beyond.*
*One who searches outside is deluded by doubt.* *102 L3*

4 *I have churned the ocean of the body, and I have seen the incomparable thing come into view.*
*The Guru is God, and God is the Guru, O Nanak; there is no difference between the two, O Siblings of Destiny.* *442 L18*

This soul manifested 'essence of knowledge' or the manifestation of 'Spiritual Religion' can only be realised, unraveled, discovered, recognised and experienced by focusing deep within the self on the Shabadh through continuous Simran.

The Infinite Lord knew that man can get trapped in the doubt-fallacy of egotism, in the scintillating miracles of maya or worldliness thus subjecting himself to the effects of action-reaction, he moves into wheel of transmigration,

**ਦੇ ਚੱਕਰ ਵਿਚ** ਪੈ ਕੇ, ਮੋਹ ਮਾਇਆ ਵਿਚ ਗਲਤਾਨ ਹੋ ਕੇ, ਆਪਣੇ **ਇਲਾਹੀ 'ਮਾਤਾ-ਪਿਤਾ' ਨੂੰ ਭੁਲ ਸਕਦਾ ਹੈ ।** ਇਸੇ ਕਰਕੇ ਜੀਵਾਂ ਨੂੰ ਮੋਹ-ਮਾਇਆ ਦੇ ਭਰਮ ਭੁਲਾਵੇਂ ਵਿਚੋਂ **ਕੱਢਣ ਲਈ,** ਅਕਾਲ ਪੁਰਖ ਨੇ ਆਦਿ ਤੋਂ ਹੀ ਗੁਰੂ, ਅਵਤਾਰ, ਪੈਗੰਬਰ (Prophets) ਦੁਨੀਆਂ 'ਚ ਪਠਾਏ । ਇਨ੍ਹਾਂ ਗੁਰੂਆਂ, ਅਵਤਾਰਾਂ, ਨੇ ਆਪੋ ਆਪਣੇ ਸਮੇਂ ਦੀ ਲੋੜ ਅਨੁਸਾਰ ਭਿੰਨ ਭਿੰਨ 'ਧਰਮ' ਰਚ ਕੇ, ਜੀਵਾਂ ਨੂੰ **ਆਤਮਿਕ ਜੀਵਨ** ਦੀ **ਸੇਧ ਦਿਤੀ,** ਨਾਲ ਹੀ ਆਪੋ ਆਪਣੀਆਂ ਭਾਸ਼ਾਵਾਂ ਵਿਚ ਬਾਣੀਆਂ ਰੱਚ ਕੇ ਸਦੀਵ ਲਈ **ਛਡ** ਗਏ, ਤਾਂ ਕਿ ਜੀਵ ਇਨ੍ਹਾਂ ਤੋਂ **ਆਤਮਿਕ ਜੀਵਨ ਲਈ** ਹਮੇਸ਼ਾਂ **ਪ੍ਰੇਰਨਾ** ਤੇ **ਸੇਧ ਲੈ ਸਕਣ।**

ਇਨ੍ਹਾਂ ਗੁਰੂਆਂ, ਅਵਤਾਰਾਂ ਦੇ ਜੋਤੀ ਜੋਤਿ ਸਮਾਉਣ ਤੋਂ ਮਗਰੋਂ, ਸਮੇਂ ਪਾ ਕੇ ਸਹਿਜੇ ਸਹਿਜੇ **ਮਾਇਆ ਦੇ 'ਭਰਮ-ਭੁਲਾਵੇ' ਦੇ ਅਸਰ ਹੇਠ,** ਜਨਤਾ ਮੁੜ ਮੋਹ ਮਾਇਆ ਵਿਚ ਗਲਤਾਨ ਹੁੰਦੀ ਹੋਈ, **ਆਪਣੇ ਕਰਤੇ ਨੂੰ ਭੁਲਦੀ ਗਈ।** ਇਸ ਤਰ੍ਹਾਂ, ਜੀਵ **ਆਪਣੇ ਇਲਾਹੀ** ਮਾਤਾ-ਪਿਤਾ ਦੀ **ਨਿੱਘੀ ਗੋਦ** ਦੀ **ਸੁਖਦਾਈ ਛਤਰ-ਛਾਇਆ** ਤੋਂ **ਵਾਂਝੇ** ਹੋ ਗਏ ।

ਦਾਤਿ ਪਿਆਰੀ ਵਿਸਰਿਆ ਦਾਤਾਰਾ ॥ (ਪੰਨਾ 676)

ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥ (ਪੰਨਾ 857)

ਇਸ ਵੇਲੇ ਭੀ, ਖਲਕਤ ਦੀ ਮਾਨਸਿਕ ਹਾਲਤ, ਇਸੇ ਤਰ੍ਹਾਂ ਦੀ ਹੈ। ਹਉਮੈਂ ਦੇ ਭਰਮ ਭੁਲਾਵੇ ਵਿਚ, ਜੀਵ ਕੁਦਰਤੀ ਤੌਰ ਤੇ ਖੁਦਗਰਜ਼ ਜਾਂ **ਸਵਾਰਥੀ ਹੈ। ਮਾਇਕੀ ਸਵਾਰਥ** ਦੀ **ਸੌਖੀ ਤੇ ਤਤਕਾਲ ਪੂਰਤੀ ਲਈ,** ਇਨਸਾਨ ਕਿਸੇ ਅਣਡਿਠੀ ਸ਼ਕਤੀ ਦੀ ਭਾਲ ਵਿਚ ਲਗਾ ਰਹਿੰਦਾ ਹੈ, ਤਾਂ ਕਿ ਕਰਾਮਾਤਾਂ, ਰਿੱਧੀਆਂ-ਸਿੱਧੀਆਂ ਦੁਆਰਾ ਆਪਣੇ ਦੁਖ ਕਲੇਸ਼, ਸ਼ੀਘਰ ਦੂਰ ਕਰ ਸਕੇ, ਜਾਂ ਆਪਣੇ **ਮਾਇਕੀ ਸੁਆਰਥ ਪੂਰੇ ਕਰ ਸਕੇ।** Demand and Supply ਦੇ ਅਸੂਲ ਅਨੁਸਾਰ, ਇਨਸਾਨ ਦੀਆਂ ਮਾਇਕੀ ਗਰਜ਼ਾਂ ਦੀ ਪੂਰਤੀ ਲਈ ਅਨੇਕਾਂ **ਅਖਾਉਤੀ** ਸਾਧ, ਫਕੀਰ, ਔਲੀਏ ਪ੍ਰਗਟ ਹੋ ਜਾਂਦੇ ਹਨ। ਇਸ ਮਾਇਕੀ **'ਸੌਦੇ-ਬਾਜ਼ੀ' ਨੂੰ ਹੀ** ਅਸੀਂ **'ਧਰਮ'** ਜਾਂ **'ਪ੍ਰਮਾਰਥ' ਸਮਝੀ ਬੈਠੇ ਹਾਂ। ਇਹ ਧਾਰਮਿਕ ਬੀਮਾਰੀ** ਸਿੱਖ ਜਗਤ ਵਿਚ ਵੀ **ਪ੍ਰਚਲਤ ਹੈ।** ਜਦ ਕਿ ਗੁਰਬਾਣੀ ਸਾਨੂੰ ਇਸ **ਸੌਦੇ-ਬਾਜ਼ੀ** ਦੇ **ਐਨ ਉਲਟ,** ਨਿਰੋਲ, ਉਚੇਰੀ-ਸੁਚੇਰੀ **'ਆਤਮਿਕ-ਜੀਵਨ-ਸੇਧ'** ਦੇ ਰਹੀ **ਹੈ,** ਤੇ ਅੰਤਰੀਵ ਆਤਮਿਕ **'ਤੱਤ-ਗਿਆਨ'** ਵਾਲੇ **ਅਨੁਭਵੀ ਆਤਮਿਕ ਮੰਡਲ** ਦਾ ਉਪਦੇਸ਼ ਦਿੰਦੀ ਹੈ।

ਇਥੇ ਹੀ ਬਸ ਨਹੀਂ ਅਸੀਂ ਇਸ ਉਚੀ ਸੁੱਚੀ ਇਲਾਹੀ **ਗੁਰਬਾਣੀ ਨੂੰ ਭੀ,** ਆਪਣੇ ਨਿੱਜੀ **ਮਾਇਕੀ ਸੁਆਰਥ** ਲਈ **ਵਰਤ ਕੇ,** ਇਸ ਰੱਬੀ **ਆਤਮਿਕ 'ਦਾਤ'** ਦਾ **ਨਿਰਾਦਰ ਕਰ ਰਹੇ ਹਾਂ।**



gets absorbed in attachment and worldliness and forget his Divine 'Mother-Father'. Therefore to take man out from the doubt-fallacies of attachment and maya (worldliness), the Infinite lord from the beginning itself sent gurus, avtars and prophets into the world. These gurus and avtars, set up different religions according to the needs of the time, and gave the people direction towards spiritual life. Together with this they left behind for posterity their word (message) in their own language so that man can always get motivation and guidance for divine life from these (religious texts).

Upon the demise of these gurus, awtars, over a period of time, little by little under the influence of 'doubt-fallacy' of maya or worldliness, people got reabsorbed into maya (worldliness) and began to forget their Creator. In this way man divorced himself from comfort giving protection of the warm bosom of his Divine mother – father.

1 *He loves gifts, but he forgets the Giver.* 676 L10

2 *This Maya has made me forget Your feet, O Lord of the World, Master of the Universe.*
*Not even a bit of love wells up in Your humble servant; what can Your poor servant do?* 857 L3

Even today the mental state of the masses is exactly the same. Under the influence of the doubt-fallacy of egotism man is naturally selfish and self centred. For the sake of fulfilling worldly self interest easily and at once man is gripped in the search of some unseen power so that he can at once get rid of his difficulties and agony or fulfill his self interests. According to the law of demand and supply in order to satisfy the needs of man's self interests numerous so called holy people (sadh, fakir, awlee-ay) begin to surface. We have begun to regard this kind worldly 'transaction' as 'religion' or 'highest form of religious pursuit'. This religious disease is also present in the Sikh world. On the other hand Gurbani is giving us pure, lofty guidance towards spiritual life, (guidance) into the Intuitional Divine Realm's innate Divine 'essence of knowledge', that is the exact opposite of this kind of transaction.

As if this is not enough, we utilise the lofty-pure Divine Gurbani for our perso9nal materialistic self interest thereby showing irreverence towards this Divine Gift from God.

'ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ' ਦੇ ਅੱਟਲ ਅਸੂਲ ਅਨੁਸਾਰ ਸਾਡੇ ਮਨ ਚੰਗੀ-ਮਾੜੀ **ਸੰਗਤ ਦਾ ਅਸਰ ਲੈਂਦੇ ਤੇ ਦਿੰਦੇ** ਰਹਿੰਦੇ ਹਨ। ਜਦ **'ਠੋਸ'** ਤੇ **'ਜੜ੍ਹ'** ਚੀਜਾਂ ਵੀ ਬਾਹਰਲੇ ਅਸਰ ਦੁਆਰਾ **'ਤਾਤਾ-ਸੀਰਾ'** ਹੋ ਸਕਦੀਆਂ ਹਨ, ਤਾਂ ਸਾਡੇ ਸੂਖਮ ਮਨ, ਇਕ ਦੂਜੇ ਦੀ **ਸੰਗਤ ਦੇ ਅਸਰ** ਤੋਂ **ਕਿਸ ਤਰ੍ਹਾਂ ਬਚ ਸਕਦੇ ਹਨ ?**

ਦੂਜੇ ਸ਼ਬਦਾਂ ਵਿਚ, **ਸੰਗਤ** ਜਾਂ ਇਕ ਦੂਜੇ ਨਾਲ **ਮੇਲ-ਮਿਲਾਪ** ਹੀ, ਇਕ-ਦੂਜੇ ਤੇ ਅਸਰ ਪਾਉਣ ਜਾਂ **'ਪ੍ਰਚਾਰ'** ਦਾ **ਸੌਖਾ ਤੇ ਯਕੀਨੀ ਸਾਧਨ ਹੈ।** ਇਸੇ ਲਈ ਗੁਰਬਾਣੀ ਵਿਚ **'ਸਾਧ ਸੰਗਤ'** ਦੀ **ਤਾਕੀਦੀ ਪ੍ਰੇਰਨਾ** ਹੈ :—

ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥ (ਪੰਨਾ 631)
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ (ਪੰਨਾ 12)
ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤਿ ਆਵੇ ॥ (ਅਰਦਾਸ)
ਓਇ ਸਾਜਨ ਓਇ ਮੀਤ ਪਿਆਰੇ ॥
ਜੋ ਹਮ ਕਉ ਹਰਿ ਨਾਮੁ ਚਿਤਾਰੇ ॥ (ਪੰਨਾ 739)
ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ॥
ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ ॥ (ਪੰਨਾ 1201)

ਜਿਸ ਤਰ੍ਹਾਂ ਵਿਦਿਅਕ ਪ੍ਰਣਾਲੀ ਵਿਚ ਕਈ ਸ਼੍ਰੇਣੀਆਂ ਹਨ, ਤੇ ਇਨ੍ਹਾਂ ਦੇ ਅਧਿਆਪਕਾਂ ਦੀਆਂ ਯੋਗਤਾਵਾਂ (Qualifications) ਭੀ ਅੱਡ ਅੱਡ ਹੁੰਦੀਆਂ ਹਨ ਤੇ ਵਿਦਿਆਰਥੀਆਂ ਦੀਆਂ ਦਿਮਾਗੀ ਯੋਗਤਾਵਾਂ ਅਨੁਸਾਰ, ਅੱਡ ਅੱਡ ਕਲਾਸਾਂ ਵਿਚ ਪੜ੍ਹਾਈ ਹੁੰਦੀ ਹੈ। ਇਸੇ ਤਰ੍ਹਾਂ **ਧਾਰਮਿਕ ਪ੍ਰਚਾਰ** ਵੀ ਜਗਿਆਸੂਆਂ ਦੀ ਮਾਨਸਿਕ **ਗ੍ਰਹਿਣ-ਸ਼ਕਤੀ ਤੇ ਧਾਰਮਿਕ ਰੁਚੀ** ਅਤੇ **ਪ੍ਰਚਾਰਕ ਦੀਆਂ ਯੋਗਤਾਵਾਂ ਤੇ ਅਧਾਰਤ** ਹੈ।

ਪਰ ਯਾਦ ਰੱਖਣ ਵਾਲਾ ਜ਼ਰੂਰੀ **ਨੁਕਤਾ** ਇਹ ਹੈ ਕਿ ਇਹ ਭਿੰਨ ਭਿੰਨ ਧਰਮਾਂ ਦੇ **ਪ੍ਰਚਾਰ ਦੀ ਪ੍ਰਣਾਲੀ,** ਸਿਰਫ **ਬੁੱਧੀ ਮੰਡਲ ਤਾਈਂ** ਹੀ **ਸੀਮਿਤ** ਹੈ।

**ਤ੍ਰੈਗੁਣੀ ਮਾਇਕੀ-ਮੰਡਲ** ਅੰਦਰ-ਧਾਰਮਿਕ-ਪ੍ਰਚਾਰ, ਦਿਮਾਗੀ ਗਿਆਨੀ ਜਾਂ ਵਿਦਵਾਨ ਕਰ ਸਕਦੇ ਹਨ, ਪਰ ਚੌਥੇ ਪਦ ਦੇ **ਆਤਮਿਕ ਮੰਡਲ** ਵਿਚ ਇਨ੍ਹਾਂ ਦੇ **ਦਿਮਾਗੀ ਗਿਆਨ** ਦੀ **ਪਹੁੰਚ ਨਹੀਂ।** ਇਸ ਲਈ ਜਦ ਗੁਰਬਾਣੀ ਵਿਚ **ਆਤਮਿਕ ਮੰਡਲ** ਦੇ ਸ਼ਬਦ ਆਉਂਦੇ ਹਨ, ਤਾਂ ਅਸੀਂ ਉਨ੍ਹਾਂ ਦਾ **ਓਪਰਾ ਜਿਹਾ** ਦਿਮਾਗੀ ਗਿਆਨ ਦੁਆਰਾ **ਟਾਲਮ-ਟੋਲਾ** ਹੀ **ਕਰ ਛੱਡਦੇ** ਹਾਂ।

ਆਤਮਿਕ-ਮੰਡਲ ਦੇ **'ਤੱਤ-ਗਿਆਨ'** ਦੀ ਵਿਆਖਿਆ ਸਿਰਫ **ਬਿਬੇਕ ਬੁੱਧੀ ਵਾਲੇ, 'ਤੱਤ-ਜੋਗ-ਕੇ-ਬੇਤੇ',** ਬਖਸ਼ੇ ਹੋਇ, **ਵਿਰਲੇ ਅਨੁਭਵੀ ਗੁਰਮੁਖ-ਜਨ** ਹੀ ਕਰ ਸਕਦੇ ਹਨ।

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ ॥ (ਪੰਨਾ 935)



According to the unchanging law 'the kind of company one keeps will decide the kind of fruit one eats', our mind is influenced by the good and bad company that we keep. When 'solid' and 'inanimate' things can become 'hot or cold' , through external influence , how can our subtle mind escape from such an influence.

In other words an easy and convincing way to influence or 'preach' someone is through the sangat (or company) or by direct link – face to face. That is why in Gurbani, there is so much stress on maintaining the 'company of the holy'.

1 *Join the Saadh Sangat, the Company of the Holy, and meditate in remembrance on the Lord; even a sinner like yourself will become pure.* 631 m9 L11

2 *Join the Saadh Sangat, the Company of the Holy; vibrate and meditate on the Jewel of the Naam.* 17 m5 L7

3 *(O Waheguru) make me meet those beloveds upon meeting whom Your Naam (Name) abides in my consciousness.* (Ardas)

4 *They are my companions, and they are my dear friends,*
*who inspire me to remember the Lord's Name.* 739 m5 L17

5 *If only some Saint, some humble Saint of the Lord, my Holy Beloved, would come, to show me the way.* 1202 m4 L11

Take the education system. There are many levels (of teaching). The qualifications of their teachers too are different. The students in different classes are taught according to their mental ability. In the same way the preaching of religion too depends upon the seekers intellectual ability to absorb, their religious inclination and the effectiveness of the of the preacher's methods.jj

But the important thing to keep in mind here is that, the system of religious preaching of different religions is limited to the intellectual level.

In the worldly realm of 'trigun', the preaching of religion can be undertaken by intellectual gyanis or scholars but in the fourth level of the Divine Realm their intellectual knowledge has no reach. That is why when verses pertaining to the Divine Realm in Gurbani appear, we try to haphazardly explain them with our intellectual knowledge.

The explanation of the essence-knowledge of the Divine World, can only be done by those possessing discerning consciousness, adepts of spiritual knowledge, the blessed ones and the rare gurumukhs with insight.

6 *How rare are those who contemplate the Word of the Guru's Bani; they become Gurmukh.*
*This is the Bani of the Supreme Being; through it, one dwells within the home of his inner being.* 936 M1 12

ਅਨੇਕਾਂ ਧਰਮਾਂ ਦੇ ਅੱਡ ਅੱਡ ਨਿਸ਼ਚਿਆਂ ਤੇ ਅਧਾਰਤ, ਬਾਹਰਮੁਖੀ ਕਰਮ-ਕ੍ਰਿਆ, ਰਵਾਇਤਾਂ, ਮਰਿਆਦਾਂ ਵਿਚ, ਫਰਕ, ਵਿਤਕਰਾ ਹੋਣਾ ਲਾਜ਼ਮੀ ਹੈ, ਜਿਸ ਤੋਂ ਵਾਦ-ਵਿਵਾਦ, ਲੜਾਈਆਂ, ਝਗੜੇ, ਈਰਖਾ, ਦਵੈਤ ਉਪਜਦੇ ਹਨ, ਤੇ ਧਾਰਮਿਕ ਮਤਾਂ ਵਿਚ ਮੱਤ-ਭੇਦ ਕਾਰਣ, ਕਈ ਹੋਰ ਨਵੇਂ ਫਿਰਕੇ ਬਣਦੇ ਜਾਂਦੇ ਹਨ।

ਇਹ ਗੁਰਬਾਣੀ ਵਿਚ ਦਰਸਾਏ 'ਸਗਲ ਸੰਗਿ ਹਮ ਕਉ ਬਨਿ ਆਈ' ਦੇ ਆਸ਼ੇ ਦੇ ਐਨ ਉਲਟ ਹੈ।

ਗੁਰੂ ਅਵਤਾਰਾਂ ਦੀਆਂ ਬਾਣੀਆਂ ਵਿਚ ਦਰਸਾਏ ਸਾਂਝੇ ਅੰਤਰਮੁੱਖੀ ਆਤਮਿਕ 'ਨੁਕਤੇ', 'ਭੇਦ' ਜਾਂ 'ਤੱਤ' ਦੇ ਆਤਮਿਕ ਗਿਆਨ ਤੋਂ ਅਸੀਂ ਬੇ-ਖਬਰ, ਅਨਜਾਣ ਜਾਂ ਅਵੇਸਲੇ ਹੋ ਗਏ ਹਾਂ, ਜਾਂ ਜਾਣ-ਬੁਝ ਕੇ ਮੱਚਲੇ ਹੋਏ ਬੈਠੇ ਹਾਂ।

ਪਿਛਲੇ ਜਨਮਾਂ ਦੀ ਧਾਰਮਿਕ ਕਮਾਈ ਸਦਕਾ, ਟਾਂਵੀਆਂ ਰੂਹਾਂ, ਬਾਹਰਮੁਖੀ ਤ੍ਰੈਗੁਣੀ ਮੰਡਲ ਦੇ ਧਰਮ ਦੀਆਂ ਕਰਮ-ਕਿਰਿਆ ਨਾਲ ਸੰਤੁਸ਼ਟ ਨਹੀਂ ਹੁੰਦੀਆਂ। ਉਨ੍ਹਾਂ ਦੇ ਹਿਰਦੇ ਦੇ ਧੁਰ ਕੰਦਰਾਂ ਵਿਚ, ਕਿਸੇ ਉਚੇਰੇ ਆਤਮਿਕ ਮੰਡਲ ਦੇ ਅੰਤਰਮੁਖੀ ਸੂਖਮ ਅਨੁਭਵੀ ਧਰਮ ਦੀ ਸੂਖਮ ਕਾਂਖੀ ਜਾਂ ਭੁਖ ਅਨਜਾਣੇ ਹੀ ਲਗੀ ਰਹਿੰਦੀ ਹੈ।

ਇਹ ਸੂਖਮ ਆਤਮਿਕ 'ਕਾਂਖੀ' ਜਾਂ ਗੁਝੀ 'ਧੁਖ-ਧੁਖੀ' ਦੇ ਜੀਵ ਅੰਤਰ-ਆਤਮੇ, ਕੁਦਰਤੀ ਤੌਰ ਤੇ, ਆਪਣੇ ਸੋਮੇ, ਅਕਾਲ ਪੁਰਖ ਵਲ ਅਨਜਾਣੇ ਹੀ 'ਖਿੱਚ' ਬਣੀ ਰਹਿੰਦੀ ਹੈ। ਭਾਵੇਂ ਇਹ ਸੂਖਮ ਆਤਮਿਕ 'ਖਿੱਚ', ਮਾਇਆ ਦੇ ਕਾਲੇ-ਬੋਲੇ ਬਦਲਾਂ ਹੇਠ ਮਧਮ ਪੈ ਜਾਂਦੀ ਹੈ, ਪਰ ਫੇਰ ਵੀ ਕਿਸੇ ਨਾ ਕਿਸੇ ਸ਼ਕਲ ਵਿਚ, ਇਹ ਗੁਝੀ ਸੂਖਮ ਭੁੱਖ, ਜੀਵ ਨੂੰ ਅਨਜਾਣੇ ਹੀ, ਆਤਮਿਕ ਮੰਡਲ ਦੇ 'ਇਲਾਹੀ ਧਰਮ' ਦੇ ਪ੍ਰਕਾਸ਼ 'ਸ਼ਬਦ' 'ਨਾਮ' ਵਲ ਉਕਸਾਉਂਦੀ, ਪ੍ਰੇਰਦੀ ਤੇ ਖੋਜ ਕਰਾਉਂਦੀ ਰਹਿੰਦੀ ਹੈ।

ਐਸੇ ਉਤਮ ਜਗਿਆਸੂਆ ਦੀ ਸੱਚੀ-ਸੁੱਚੀ ਆਤਮਿਕ ਲਗਨ ਦਾ ਸਦਕਾ, ਉਨ੍ਹਾਂ ਤੇ ਸਤਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ, ਤੇ ਉਸ ਨੂੰ ਸਤਿਗੁਰੂ ਕਿਸੇ ਗੁਰਮੁਖ ਪਿਆਰੇ ਇਲਾਹੀ ਜੀਵਨ ਵਾਲੇ, 'ਤੱਤ-ਜੋਗ-ਕੇ-ਬੇਤੇ', ਮਹਾਂ ਪੁਰਖ ਨਾਲ ਮੇਲ ਕਰਾ ਦਿੰਦਾ ਹੈ ਤੇ ਸਾਧ-ਸੰਗਤ ਦੁਆਰਾ, ਉਨ੍ਹਾਂ ਜਗਿਆਸੂਆਂ ਨੂੰ ਅੰਤਰਮੁਖੀ ਅਨੁਭਵੀ ਗਿਆਨ ਦੀ 'ਦਾਤ' ਬਖਸ਼ਿਸ਼ ਹੁੰਦੀ ਹੈ। ਇਸ ਤਰ੍ਹਾਂ ਇਨ੍ਹਾਂ ਉਤਮ ਜਗਿਆਸੂਆਂ ਦਾ ਜੀਵਨ ਬਦਲ ਕੇ ਆਤਮ ਪਰਾਇਨ ਹੋ ਜਾਂਦਾ ਹੈ। ਐਸੇ ਬਖਸ਼ੇ ਹੋਏ ਗੁਰਮੁਖ ਪਿਆਰੇ, ਅਗਾਹਾਂ ਹੋਰ ਉਤਮ ਜਗਿਆਸੂਆਂ ਨੂੰ, ਗੁਰੂ ਦੀ ਬਖਸ਼ਿਸ਼ ਦੁਆਰਾ, ਅਗਵਾਈ ਤੇ ਸਹਾਇਤਾ ਕਰਦੇ ਹਨ।

ਕ੍ਰਿਪਾ ਕਰੇ ਜਿਸੁ ਪਾਰਬ੍ਰਹਮ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥ (ਪੰਨਾ 71)

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥ (ਪੰਨਾ 204)



It is natural for so many religions to have differences in their varied beliefs, in the practice of their rites and rituals, their ceremonies, in their codes of conduct (etc.). But arising from all these are arguments-debates, fights, quarrels, jealousy, and duality. The differences in the beliefs and practices of the various religions have caused some more off-shoots to take root.

All this is totally opposite to the view expressed in Gurbani 'I am at one with the whole world'.

We are uninformed, ignorant, unconcerned or even feign ignorance about the common, innate spiritual 'crux', 'information' or 'essence of the Divine Knowledge mentioned in the writings of gurus and avtars.

The rare souls come equipped with the cultivation of divine inclinations from their previous births. They are not satisfied by the religious rites and rituals of the external world of 'trigun'. In the deep chasms of their hearts, subtle desire and urge for the innate, sublime intuitional religion, unknowingly keeps gnawing in them.

Inherently and naturally, the soul with this sublime spiritual 'desire' or secret 'simmering' without his knowing, experiences a pull towards his source, the Infinite Waheguru. Although this sublime spiritual 'pull' weakens under the black clouds of maya (or worldliness), still in one form or another, this secret sublime hunger, unknowingly keeps the soul stimulated, motivated towards the divine religious illumination 'Shabadh' 'Naam' of the Spiritual Realm.. This spurs such a soul to keep on researching.

The blessings and grace of the Satguru is on the seekers as a result of their true and pure spiritual inclination. The Satguru links such seekers with some beloved gurmukh living a divine life, an adept of spiritual knowledge, an evolved soul. In the company of this holy evolved being these seekers are blessed with the gift of innate intuitional knowledge. In this way the lives of the seekers change and they get linked to the soul (within their being). Such beloved gurmukhs (who have just acquired the gift of intuitional knowledge) in turn reach out to more true seekers and by the Grace of the Guru they provide guidance and help.

1 *The Supreme Lord showers His Mercy, and we find the Saadh Sangat, the Company of the Holy.*
*The more time we spend there, the more we come to love the Lord. 71 M5 L3*

2 *When the seed of the karma of past actions sprouted, I met the Lord; He is both the Enjoyer and the Renunciate.*
*My darkness was dispelled when I met the Lord. O Nanak, after being asleep for countless incarnations, I have awakened. 204 M5*

ਸੋਈ ਪਿਆਰੇ ਮੇਲ ਜਿਨਾ ਮਿਲਿਆ ਤੇਰਾ ਨਾਮ ਚਿਤਿ ਆਵੈ ॥ (ਅਰਦਾਸ)

ਪੜ੍ਹਿਆ-ਪੜ੍ਹਾਇਆ, ਸੁਣਿਆ-ਸੁਣਾਇਆ, ਸਿਖਿਆ-ਸਿਖਾਇਆ, ਸਮਝਿਆ-ਸਮਝਾਇਆ **ਬਾਹਰਮੁਖੀ ਦਿਮਾਗੀ ਗਿਆਨ**, **ਬੁੱਧੀ ਦੀ 'ਪ੍ਰਾਪਤੀ' ਹੈ**, ਅਤੇ ਇਸ ਦੇ ਪ੍ਰਚਾਰ ਦਾ ਸਿਲਸਿਲਾ ਭੀ, **ਸਰੀਰਕ ਤੇ ਦਿਮਾਗੀ 'ਕਰਤੱਵ' ਹੈ।** ਗੁਰੂਆਂ, ਅਵਤਾਰਾਂ ਦੇ ਦਰਸਾਏ ਹੋਏ ਅੰਤਰ-ਆਤਮੇ **'ਤੱਤ-ਗਿਆਨ'** ਦੇ **ਪ੍ਰਕਾਸ਼ ਰੂਪ 'ਸ਼ਬਦ' 'ਨਾਮ'** ਦੇ **ਗੁਝੇ ਭੇਦਾਂ ਨੂੰ**, **ਬੁੱਧੀ ਮੰਡਲ** ਦੀ ਫਿਲਾਸਫੀ (Philosophy) **ਅਨੁਭਵ ਨਹੀਂ ਕਰ ਸਕਦੀ**, ਕਿਉਂਕਿ ਇਹ **'ਆਤਮਿਕ-ਖੇਡ' ਬੁਧੀ ਦੀ ਪਕੜ ਤੋਂ ਪਰੇ ਹੈ।**

ਉਦਾਹਰਣ ਦੇ ਤੌਰ ਤੇ ਬਿਜਲੀ ਬਾਬਤ ਕਿਤਾਬੀ ਗਿਆਨ ਪੜ੍ਹਨਾ-ਪੜ੍ਹਾਉਣਾ ਹੋਰ ਗੱਲ ਹੈ। (Personal experience of electric shock is quite different from the bookish intellectual knowledge about electricity) ਇਸੇ ਤਰ੍ਹਾਂ ਆਤਮਿਕ ਮੰਡਲ ਦੇ **'ਜੀਵਨ ਰੌਂ'**, **'ਸ਼ਬਦ' 'ਨਾਮ'** ਦੇ **'ਪਰਗਟਿ ਪਾਹਾਰੈ ਜਾਪਦਾ'** ਜਾਂ **'ਪ੍ਰਕਾਸ਼'** ਦੇ **'ਅਨੰਦ' ਰੰਗੁ ਰਸ ਨੂੰ ਅੰਤਰ-ਆਤਮੇ, ਨਿੱਜੀ ਤਜ਼ਰਬੇ ਦੁਆਰਾ 'ਮਾਨਣਾ' ਹੋਰ ਗੱਲ ਹੈ।** ਤੇ ਇਸ ਆਤਮਿਕ ਮੰਡਲ ਦੇ **'ਤੱਤ-ਗਿਆਨ' ਦੇ ਭੇਦ** ਦੀ ਬਾਬਤ ਨਿਰਾ ਪੁਰਾ **ਦਿਮਾਗੀ ਗਿਆਨ ਘੋਟਣਾ ਬਿਲਕੁਲ ਹੋਰ ਗੱਲ ਹੈ।**

ਗੁਰਬਾਣੀ ਵਿਚ ਇਸੇ ਅੰਤਰਮੁਖੀ ਆਤਮਿਕ **'ਤੱਤ-ਗਿਆਨ'** ਦਾ **ਬਿਆਨ, ਉਪਦੇਸ਼** ਅਤੇ ਅਨੁਭਵ ਦੁਆਰਾ **ਪ੍ਰਾਪਤੀ ਦੀ ਜੁਗਤੀ ਭਰਪੂਰ ਹੈ।** ਫਿਰ ਭੀ ਅਸੀਂ ਇਸ ਆਤਮਿਕ ਮੰਡਲ ਦੀ ਇਲਾਹੀ **ਅਮੋਲਕ 'ਦਾਤ', 'ਅਨੂਪ ਵਸਤੂ'** ਦੇ **ਅਨੰਦ, ਰੰਗ, ਰਸ, ਸੁਖ, ਸੁਆਦ ਤੋਂ ਆਪ ਭੀ ਵਾਂਝੇ ਰਹਿ ਰਹੇ ਹਾਂ** ਤੇ **ਜਗਤ ਨੂੰ ਭੀ ਵਾਂਝਿਆ ਕਰ ਰਖਿਆ ਹੈ।**

ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥
ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥ (ਪੰਨਾ 1370)

ਇਸ ਅਣ-ਗਹਿਲੀ, ਅਗਿਆਨਤਾ, **ਮਹਾਂ ਭੁਲ, ਭਰਮ-ਭੁਲਾਵੇ** ਦੇ **ਕਾਰਣ** ਇਹ ਹਨ :—

1. ਅਸੀਂ ਬਾਹਰਮੁਖੀ **ਕਰਮਕਾਂਡਾਂ ਨੂੰ ਹੀ, 'ਸੰਪੂਰਨ ਧਰਮ' ਸਮਝੀ ਬੈਠੇ ਹਾਂ।** ਇਸ ਦੇ **ਰਟਨ** (Routine) ਵਿਚ ਹੀ **ਮਸਤ ਤੇ ਸੰਤੁਸ਼ਟ ਹਾਂ।**
2. ਦਿਮਾਗੀ ਗਿਆਨ ਤੇ ਧਰਮ ਨੂੰ ਅਸੀਂ **ਨਿੱਜੀ ਮਾਇਕੀ ਸਵਾਰਥ ਦੀ ਪੂਰਤੀ ਦਾ ਹੀ 'ਸਾਧਨ' ਬਣਾਇਆ ਹੋਇਆ ਹੈ।**
3. ਤ੍ਰੈਗੁਣੀ ਹਉਂਮੈ ਦੇ **ਭਰਮ-ਭੁਲਾਵੇ ਵਾਲੀ ਧਾਰਮਿਕ ਅਵਸਥਾ ਨੂੰ ਹੀ ਅੰਤਿਮ ਧਾਰਮਿਕ ਮੰਜਿਲ ਸਮਝੀ ਬੈਠੇ ਹਾਂ।**
4. ਚੌਥੇ ਪਦ ਦੇ ਆਤਮਿਕ ਮੰਡਲ ਦੇ ਅਨੁਭਵੀ ਇਲਾਹੀ ਖੇਲ ਦੀ ਸਾਨੂੰ :—



*1 (O Waheguru) make me meet those beloveds upon meeting whom Your Naam (Name) abides in my consciousness. (Ardas)*

What is read – taught, heard – uttered, acquired l - passed on, understood – make others understand - these are achievements of external intellectual knowledge. As such the methodology of doing parchaar or preaching too is the action of body and the intellect. The innate 'essence of knowledge' of the gurus and avtars and the secret illumination of the 'Shabadh', 'Naam' cannot be experienced by the philosophy of the intellectual realm. This is because the 'Divine Play is beyond the grasp of the intellect.

For example, personal experience of an electric shock is quite different from the bookish intellectual knowledge about electricity. In the same way, explanation of the revelation of His Cosmic Workshop or manifestation of Divine Realm's 'life current, 'Shabadh' 'Naam' and its innate personal experience of the manifestation of the 'bliss', hue, relish is an entirely different experience.

Gurbani is filled with the explanation, the counsel and the know-how of the manifestation of this innate 'essence – knowledge' through intuition. In spite of this, we ourselves are bereft from the bliss, hue, comfort, relish of this Spiritual Realm's priceless divine gift, It's beatitude and have kept the rest of the world deprived of it as well.

*2 The pearls are scattered on the road; the blind man comes along.*
*Without the Light of the Lord of the Universe, the world just passes them by.*
*1370 Bh.Kab L10*

The cause of this oversight, ignorance, serious error and doubt-fallacy are as follows:-

1. We have come to regard (the performing of) external rites and rituals to be the 'complete religion'. We are intoxicated and satisfied with its practice.
2. We have made intellectual knowledge and religion a means for the fulfillment of worldly personal self interest.
3. We have come to regard the doubt-fallacy of the religious plane of 'worldly 'trigun's egotism to be final destination of religion.
4. About the spiritual realm, of the divine play of the fourth stage we have:-

ਸੋਝੀ ਹੀ ਨਹੀਂ ।
ਗਿਆਨ ਹੀ ਨਹੀਂ ।
ਨਿਸਚਾ ਹੀ ਨਹੀਂ ।
ਲੋੜ ਹੀ ਨਹੀਂ ।
ਭੁਖ ਹੀ ਨਹੀਂ ।
ਉੱਦਮ ਹੀ ਨਹੀਂ ।

5. ਅਸੀਂ ਆਪਣੇ ਜੀਵਨ ਨੂੰ **'ਹਉਮੈ' ਦੇ ਭਰਮ-ਭੁਲਾਵੇ ਦੀ ਹਨੇਰ ਕੋਠੜੀ** ਵਿਚ **ਕੈਦ** ਕੀਤਾ ਹੋਇਆ ਹੈ। ਜਿਸ ਵਿਚ **ਆਤਮਿਕ ਪ੍ਰਕਾਸ਼ ਦੀ ਕਿਰਨ ਦੇ ਦਾਖਲ ਹੋਣ ਦੀ, ਸੰਭਾਵਨਾ ਹੀ ਨਹੀਂ ਹੈ।**

**We have sentenced ourselves to life-long imprisonment in the solitary Dark Dungeon of our own ego—without any chance of entry of rays of Divine Light.**

6. ਆਪ ਉਸਾਰੀ **ਹਉਮੈ** ਦੀ **ਹਨੇਰ-ਕਾਲ-ਕੋਠੜੀ** ਵਿਚ ਵੀ, ਆਪੋ ਆਪਣੇ **ਅਧੂਰੇ, ਗਲਤ ਤੇ ਫੋਕੇ ਧਾਰਮਿਕ ਨਿਸਚੇ ਦੀਆਂ ਕਾਲੀਆਂ ਐਨਕਾਂ ਲਾਈਆਂ ਹੋਈਆਂ ਹਨ,** ਜਿਹੜੀਆਂ ਅਸੀਂ **ਲਾਹੁਣ ਲਈ ਤਿਆਰ ਨਹੀਂ।**

ਇਸ ਤਰ੍ਹਾਂ ਅਸੀਂ ਆਪਣਾ ਜੀਵਨ :—

'ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥' (ਪੰਨਾ 133)

ਵਾਲਾ ਬਣਾ ਰਖਿਆ ਹੈ ।

ਬਖਸ਼ੇ ਹੋਏ ਗਰਮੁਖ ਪਿਆਰੇ, ਮਹਾਂ ਪੁਰਖਾਂ ਦੇ ਰਾਹੀਂ, ਗੁਰੂਆਂ ਅਵਤਾਰਾਂ ਦੇ ਦਰਸਾਏ ਹੋਏ ਆਤਮ-ਪ੍ਰਕਾਸ਼, ਜਾਂ 'ਤੱਤ ਗਿਆਨ' ਦੀ ਬਖਸ਼ਿਸ਼, ਸੀਨਾਂ-ਬਸੀਨਾਂ, ਜੋਤਿ-ਨਾਲ-ਜੋਤਿ **ਜਗਾਉਣ ਦਾ ਅਟੁੱਟ ਅਤੇ ਅਭੁਲ ਸਿਲਸਿਲਾ, ਲਗਾਤਾਰ ਚਲਿਆ ਆਉਂਦਾ ਹੈ।**

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦੁ ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥ (ਪੰਨਾ 1429)

ਪਰ ਇਹ, **ਆਤਮਿਕ ਮੰਡਲ** ਦੀ, **ਨਿਰਾਲੀ, ਗੁਝੀ ਤੇ ਵਿਰਲੀ 'ਖੇਲ'** ਹੈ। ਕਿਸੇ **ਵਿਰਲੇ, 'ਕੋਟਨ-ਮਹਿ-ਕੋਇ', ਭਾਗਾਂ ਵਾਲੇ** ਗੁਰਮੁਖ ਪਿਆਰਿਆਂ ਤੇ **ਵਰਤਦੀ ਹੈ।** ਇਨ੍ਹਾਂ ਦੇ ਜੀਵਨ ਦੀਆ **ਆਤਮਿਕ ਕਿਰਨਾਂ** (Divine Vibrations) ਦੁਆਰਾ ਕਲਜੁਗ ਵਿਚ, **ਅੰਤਰ-ਮੁੱਖੀ ਆਤਮਿਕ ਧਰਮ** ਦਾ **ਇਲਾਹੀ ਪ੍ਰਕਾਸ਼,** ਕਿਤੇ ਕਿਤੇ **ਟਹਿਕਦਾ ਮਹਿਕਦਾ** ਦਿਖਾਈ ਦਿੰਦਾ ਹੈ।

ਐਸੇ ਜਨ ਵਿਰਲੇ ਸੰਸਾਰੇ ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥ (ਪੰਨਾ 1039)



no awareness
no knowledge
no faith
no need
no hunger
no effort.

5. We have sentenced ourselves to life-long imprisonment in the solitary Dark Dungeon of our own ego-without any chance of entry of rays of divine Light.

6. In the self created solitary Dark Dungeon we have put on the spectacles of our imperfect, wrong and hollow religious faith. We are not prepared to take them off.

In this way we have made our life into one that is:-

*1 Entangled and enmeshed in the love of false occupations, the whole world is perishing*
*133 M5 L17*

Through the blessed gurmukh beloveds, evolved souls, the blessings of the spiritual illumination or 'essence – knowledge' of gurus-avtars, the system of one light lighting another, is continuously and unerringly taking place.

*2 The Naam remains; the Holy Saints remain; the Guru, the Lord of the Universe, remains.*
*Says Nanak, how rare are those who chant the Guru's Mantra in this world.*
*1429 M9 L9*

But this is the unique, secret and rare 'play' of the spiritual realm which descends upon some rare 'one in a million' gurmukh beloveds. Through the divine vibrations of their spiritual life, the spiritual manifestation of innate soul linked religion, sometimes blossoms forth.

*3 Rare are those beings in this world,*
*who contemplate the Word of the Guru's Shabad, and remain detached.*
*M1 1039 L7*

ਇਨ੍ਹਾਂ ਦੋਹਾਂ ਮੰਡਲਾਂ ਦੇ ਧਰਮਾਂ ਨੂੰ ਚੰਗੀ ਤਰ੍ਹਾਂ ਸਪਸ਼ਟ ਕਰਨ ਲਈ ਹੇਠਾਂ ਨਿਖੇਰਵਾਂ ਨਿਰਨਾਂ ਕੀਤਾ ਜਾਂਦਾ ਹੈ :—

| ਆਤਮਿਕ ਮੰਡਲ ਦਾ ਅੰਤਰ-ਮੁੱਖੀ ਧਰਮ | ਤ੍ਰੈਗੁਣੀ ਮੰਡਲ ਦੇ ਬਾਹਰਮੁਖੀ ਧਰਮ |
|---|---|
| ਅਨੁਭਵ ਦੀ ਖੇਲ ਹੈ। | ਦਿਮਾਗੀ ਵਿਸ਼ਾ ਹੈ। |
| 'ਬੋਲੀ' ਹੀਨ ਹੈ। | ਬੋਲੀ ਵਾਲਾ ਹੈ। |
| 'ਅੱਖਰ' ਹੀਨ ਹੈ। | ਅੱਖਰਾਂ ਵਾਲਾ ਹੈ। |
| ਅੰਤਰ-ਆਤਮਿਕ 'ਛੋਹ' ਹੈ। | ਬਾਹਰੋਂ ਪ੍ਰਾਪਤ ਕੀਤਾ ਜਾਂਦਾ ਹੈ। |
| ਅਨੁਭਵੀ 'ਸੋਝੀ' ਹੈ। | ਸਿਖਿਆ-ਸਿਖਾਇਆ ਜਾਂਦਾ ਹੈ। |
| ਆਤਮ ਪ੍ਰਕਾਸ਼ ਹੈ। | ਦਿਮਾਗੀ ਗਿਆਨ ਹੈ। |
| ਜ਼ਾਹਰਾ-ਜ਼ਹੂਰ ਹੈ। | ਭਰਮ-ਭੁਲਾਵਾ ਹੈ। |
| ਇਕੋ-ਇਕ 'ਨਾਮ' ਹੈ। | ਅਨੇਕ ਵੇਸ ਹਨ। |
| ਇਕੋ ਰੰਗ ਹੈ। | ਅਨੇਕ ਰੰਗ ਹਨ। |
| ਬਿਸਮਾਦੀ 'ਖੇਲ' ਹੈ। | ਦਿਮਾਗੀ ਖੇਲ ਹੈ। |
| ਏਕਤਾ ਹੈ। | ਦਵੈਤ ਹੈ। |
| ਨਿਮਰਤਾ ਹੈ। | ਹਉਮੈ ਦਾ ਬੋਲ-ਬਾਲਾ ਹੈ। |
| ਪਿਆਰ ਹੈ। | ਘਿਰਣਾ ਹੈ। |
| ਏਕ ਚਿੰਤਨ ਹੈ। | ਅਨੇਕ ਚਿੰਤਨ ਹਨ। |
| ਘਰਿ ਮਹਿ ਸਭ ਕਿਛੁ ਹੈ। | ਬਾਹਰ ਢੂੰਡਣਾ ਹੈ। |
| 'ਪ੍ਰਿਮ-ਖੇਲ' ਹੈ। | ਮੁਰਦੇ ਸਾਧਨ ਹਨ। |
| ਅੰਤਰ ਵਿਰੋਲਣਾ ਹੈ। | ਸਰੀਰਕ ਕਰਮ ਕਿਰਿਆ ਹੈ। |

ਕਿਸੇ ਮਹਾਂ ਪੁਰਖ ਨੇ ਇਸ ਵਿਸ਼ੇ ਤੇ ਇਸ ਤਰ੍ਹਾਂ ਚਾਨਣ ਪਾਇਆ ਹੈ :—

ਸੰਸਾਰ ਸੜ ਰਿਹਾ ਹੈ, ਅੱਗ ਦੇ ਸ਼ੋਅਲੇ ਉਠ ਰਹੇ ਹਨ। ਜਿਨ੍ਹਾਂ ਨੂੰ ਸਾਈਂ ਵਲੋਂ ਸੁੱਖ ਬਖਸ਼ਿਆ ਹੈ, ਉਹ ਈਰਖਾ, ਦਵੈਖ, ਗਿਣਤੀ, ਹਿਸਾਬ, ਸ਼ੰਕੇ ਆਦਿ, ਅੰਦਰ ਦੇ ਭਾਂਬੜਾਂ ਨਾਲ, ਜਲ ਰਹੇ ਹਨ। ਬੇ-ਯਕੀਨੀ, ਬੇ-ਸਿਦਕੀ, ਦੀ ਪਾਮਰਤਾ ਰੂਹ ਨੂੰ ਚਿਮਟੀ ਹੋਈ ਹੈ, ਜੜ੍ਹਾਂ ਜ਼ਮੀਨ ਵਿਚੋਂ ਉਖੜ ਕੇ ਬਾਹਰ ਆ, ਸੁੱਕ ਗਈਆਂ ਹਨ ਤੇ ਬਾਲਣ ਬਣ ਚੁੱਕੇ ਹਨ। ਰੇਸ਼ਮ ਤਨ ਤੇ ਖੜਕਦੇ ਹਨ, ਪਰ ਇਹ ਖੜਾਕ ਸੁੱਕੇ ਪੱਤਰਾਂ ਦਾ ਹੈ। ਤੇ ਜਿਹੜੇ—ਅੰਨ, ਬਸਤਰ ਦੇ ਦੁਖਾਂ ਵਿਚ ਹਨ, ਉਨ੍ਹਾਂ ਨੂੰ ਭੁੱਖ, ਤ੍ਰੇਹ, ਨੰਗਾਂਪਨ, ਦਲਿਦਰਤਾ, ਰੋਗ, ਕਸ਼ਟ ਆਦਿ ਸਤਾ ਰਹੇ ਹਨ। ਗਰੀਬੀ ਦੀ ਮਾਰਾਂ ਨੇ ਲੱਕ ਤੋੜ ਸੁਟੇ ਹਨ, ਮਨ ਟੁਟੇ ਪਏ ਹਨ, ਸੰਸਾਰ ਤੱਤਾ, ਜਿਸਮ ਤੱਤਾ, ਜੀਵਨ-ਖੇਤਰ ਤੱਤਾ, ਬਾਹਰਮੁਖੀ, ਮਨਮੁਖੀ ਬਿਰਤੀਆਂ ਤੱਤੀਆਂ, ਕਾਮ ਤੱਤੀ ਅੱਗ, ਕ੍ਰੋਧ ਤੱਤੀ ਅੱਗ, ਲੋਭ ਤੱਤੀ ਅੱਗ, ਮੋਹ ਤੱਤੀ ਅੱਗ, ਤ੍ਰਿਸ਼ਨਾ ਤੱਤੀ ਅੱਗ, ਭੁੱਖ ਤੱਤੀ ਅੱਗ, ਅਮੀਰੀ ਨਿਰਾ-ਭਾਂਬੜ, ਗਰੀਬੀ ਤੱਤੀ, ਮਨ ਤੱਤਾ, ਚਿੱਤ ਤੱਤਾ, ਮਨਮੁਖ, ਟੁੱਟਿਆਂ, ਸੁਕਿਆਂ ਦਾ



To make (the details of ) these two realms (Spiritual Realms and the Worldly Realm if 'Trigun') even clearer, the distinctive differences (between them) are given below:-

| The (characteristics of ) Innate Religion of the Spiritual Realm | The (characteristics of ) of external religion of the Worldly Realm of 'trigun' |
|---|---|
| 1. It's the play of intuition. | 1. It's the subject of the intellect |
| 2. It 's language less. | 2. It has a language. |
| 3. It is 'wordless'. | 3 It has words. |
| 4. It's the innate divine touch. | 4. It is acquired via external sources. |
| 5. It's spiritual awareness. | 5. It can be learned or taught. |
| 6. It's Divine Illumination. | 6. It's intellectual knowledge. |
| 7. It's grandeur is obvious. | 7. It's doubt fallacy |
| 8. It's the One and Only One Naam. | 8. It has many forms. |
| 9. It's a wondrous play. | 9. It's the play of the intellect. |
| 10. It's unity. | 10. It's duality. |
| 11. It's humility. | 11. Egotism reigns supreme in it. |
| 12. It's love. | 12. There is hatred. |
| 13. Everything is within the house. | 13. The search is on the outside. |
| 14. It's a 'game of love'. | 14. It's ways produce no results. |
| 15. It's delving deep within. | 15. It's the display of physical rites & rituals. |

One evolved soul threw light on this topic in the following way:-

The world is burning. Tongues of fire are leaping forth. Those whom God has blessed with comfort, they are burning in the internal flames of jealousy, duality, (busy) counting – accounting, suspicion, doubts etc. The base faithlessness and lack of belief has entrapped their soul. The roots, loosened from the soil are exposed. They are dried up, ready as fire-wood. The silk, rustling against the body, sounds more like dried leaves. And those in misery for lack of food and shelter, they are being tormented by hunger, thirst, nakedness, ennui (lethargy), disease, difficulties, etc. The ravage of poverty has broken their backs, minds are shattered, the world is hot, the body is hot, the life-arena is hot. Tuned to external life-style, their mind orientated vision is hot, lust is hot fire, anger is hot fire, greed is hot fire, attachment is hot fire, desire are hot fire, hunger is hot fire, wealth is pure sheets of flames, poverty is hot, mind is hot, consciousness is hot, mind driven, worn-out, the withered ones

ਪਿਆਰ ਤੱਤਾ, ਹਾਇ ! ਹਰ ਪਾਸੇ ਅੱਗ ਹੀ ਅੱਗ, ਅੰਦਰ ਭੀ ਅੱਗ, ਬਾਹਰ ਭੀ ਅੱਗ, ਦੀਨ ਭੀ ਅੱਗ, ਦੁਨੀਆਂ ਭੀ ਅੱਗ, ਇਸ ਵਿਚ ਬੈਠਾ, ਰੱਬ ਦਾ ਧਿਆਨ ਧਰੀ ਪ੍ਰਹਿਲਾਦ, ਮਨ ਠੰਢਾ, ਚਿੱਤ ਠੰਢਾ, ਜੀਭ ਠੰਢੀ, ਦਿਲ ਠੰਢਾ, ਤ੍ਰਿਸ਼ਨਾ ਰਹਿਤ ਦਿਲ ਹਰਾ ਭਰਾ, ਜੜ੍ਹਾਂ ਰੱਬ ਵਿਚ ਗਡੀਆਂ, ਸਹਿਜ-ਸੁਭਾ ਗੱਡੀਆਂ, ਬੇਮਲੂਮ ਗੱਡੀਆਂ, ਸੁਰਤ, ਇਕ ਥਾਂ ਇਕਠੀ ਹੋਈ, ਲੂੰਆਂ ਵਿਚੋਂ ਅੰਮ੍ਰਿਤ ਵਗ ਰਿਹਾ ਹੈ, ਅੱਗ ਭੀ ਪ੍ਰਨਾਮ ਕਰ ਰਹੀ ਹੈ, ਰੱਬ ਦਾ ਭਗਤ ਬੈਠਾ ਹੈ, ਬਸ ਕੇਵਲ ਰੱਬ ਦਾ ਪਿਆਰ ਠੰਢਾ ਹੈ। ਰੱਬ ਦਾ ਨਾਮ ਖੁਨਕ ਹੈ, 'ਖੁਨਕ ਨਾਮ ਖੁਦਾਇਆ', ਉਸ ਨਾਲ ਲੱਗ ਕੇ ਆਦਮੀ ਦਾ ਏਂਚਾ ਠੰਢ ਪਾਂਦਾ ਹੈ। ਸੱਚਾ ਸੁੱਖ ਪਾਂਦਾ ਹੈ, ਰੂਹ ਠੰਢਾ ਹੁੰਦਾ ਹੈ। ਚਿੱਤ ਭਟਕਨ ਥੀਂ ਛੁਟ ਠੰਢਾ ਹੁੰਦਾ ਹੈ, ਰੱਬ ਦੀ ਮਿਹਰ ਬਚਾਉਂਦੀ ਹੈ। 'ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ।'

ਮਖਲੂਕ ਇਸ ਠੰਢ ਨੂੰ ਟੋਲ ਰਹੀ ਹੈ, ਕੁਦਰਤ ਟੋਲ ਰਹੀ ਹੈ, ਤਦ ਹੀ ਤਾਂ ਮਨੁਖ ਦਾ ਜਾਮਾ ਘੜ ਰਹੀ ਹੈ। 'ਮਾਂ' ਜਦ ਵਿਛੜੇ ਬੱਚੇ ਨੂੰ ਮਿਲਦੀ ਹੈ, ਜਾ ਗੱਲਵਕੜੀ ਪਾਂਦੀ ਹੈ, ਤਦ ਛਿਨ ਦੇ ਛਿਨ ਲਈ ਇਸ ਅੰਮ੍ਰਿਤ ਠੰਢ ਦਾ ਝਲਕਾ ਵਜਦਾ ਹੈ। ਜਦ ਆਦਮੀ ਦੀ ਇੱਛਾ, ਤੀਬਰ ਇੱਛਾ—ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਦੇ ਵਸ ਆਈ, ਫਲਦੀ ਹੈ, ਤਦ ਫਲੀਭੂਤ ਹੋਣ ਤੇ, ਉਸ ਛਿਨ ਲਈ, ਇਸ ਦੀ ਠੰਢ ਦਾ ਝਲਕਾ ਵਜਦਾ ਹੈ। ਭੁੱਖੇ ਨੂੰ ਜਦ ਰੋਟੀ ਦਾ ਟੁਕੜਾ ਮਿਲਦਾ ਹੈ, ਤਾਂ ਨੈਣਾਂ ਵਿਚ ਇਕ ਸੁੱਖ ਆਉਂਦਾ ਹੈ, ਉਹ ਇਸੀ ਸੁੱਖ ਦਾ ਪ੍ਰਤੀਬਿੰਬ ਹੈ। ਤ੍ਰਿਖਾਵੰਤ ਨੂੰ ਜਲ ਮਿਲੇ, ਤਦ ਇਸੀ ਹਾਲਤ ਦਾ ਬਿਜਲਈ ਲਿਸ਼ਕਾਰਾ ਹੁੰਦਾ ਹੈ। ਦੀਨ ਔਰ ਦੁਨੀਆਂ, ਇਸ ਆਤਮ ਠੰਢ ਨੂੰ ਟੋਲਦੇ ਹਨ, ਇਹ ਨਾਮ-ਖੁਨਕੀ ਦੀ ਅਮਰ, ਅਮਿਟ, ਅਟੱਲ ਲਾਲਸਾ ਵਿਚ ਹਨ। ਏਹ ਲਾਲਸਾ ਸ੍ਰਿਸ਼ਟੀ ਦੀ ਬਨਾਵਟ ਵਿਚ ਹੈ, ਮਿਟ ਨਹੀਂ ਸਕਦੀ, ਠੰਢ ਕਿਸ ਤਰ੍ਹਾਂ ਪਵੇ ? ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਦ ਤਕ ਮਨ, ਚਿੱਤ, ਬੁੱਧੀ, ਅੰਦਰ ਦੀ ਬਿਰਤੀ, ਰੂਹ ਵਿਚ ਵਸਦੇ ਹੋਣ, ਏਹ ਆਦਮੀ ਦੇ ਦੁਸ਼ਮਣ ਹਨ।

ਰੂਹ ਠੰਢਾ ਹੋ ਜਾਵੇ, ਸੁਰਤ ਦੀਆਂ ਨਿਕੀਆਂ ਨਿਕੀਆਂ, ਵਾਲੋਂ ਬਰੀਕ, ਕਿਰਨਾਂ ਵਾਂਗ ਪਤਲੀਆਂ ਸੂਖਮ ਜੜ੍ਹਾਂ, ਨਿਰੰਕਾਰ, ਕਰਤਾਰ, ਅਕਾਲ ਵਿਚ ਕਿਵੇਂ ਗਡੀਜ ਜਾਣ, ਤਾਂ ਏਹੋ 'ਮਨੁਖਤਾ' ਦੇ ਸੁਹਣੇ ਗਹਣੇ ਹਨ, ਬਸਤਰ ਹਨ, ਹਥਿਆਰ ਹਨ, ਚਾਕਰ ਹਨ, ਨਹੀਂ ਤਾਂ ਅੱਗ ਦੀ ਲਾਂਟਾ ਹਨ। ਆਦਮੀ ਦੇ ਅੰਦਰਲੇ ਸਾਰੇ ਰੰਗ, ਦੁਖ ਦੀ ਅੱਗ, ਇਨ੍ਹਾਂ ਪੰਜਾਂ ਨੇ ਬਾਲੀ ਹੋਈ ਹੈ, ਬਹੁਤ ਕਰਕੇ ਸੰਸਾਰ ਦੇ ਦੁਖ ਇਨ੍ਹਾਂ ਦਾ ਮਚਾਇਆ ਭੜਥੂ ਹੈ, ਇਨ੍ਹਾਂ ਦੀ ਚਾਕਰੀ ਵਿਚ ਤੇ ਉਹ ਸੁਖ ਹੈ ਨਹੀਂ, ਜੋ ਸ਼ਾਹ ਬਹਿਲੋਲ ਜੈਸੇ ਸਿਮਰਨ ਵਾਲੇ ਸਾਧੂ ਦੇ ਹੱਥ ਦੀ 'ਛੋਹ' ਵਿਚ ਹੈ, ਉਹ ਠੰਢ ਪੈਂਦੀ ਨਹੀਂ, ਜਿਸ ਨੂੰ ਛਾਤੀ ਵਿਚ ਰੱਖ ਕੇ ਪ੍ਰਹਿਲਾਦ ਅੱਗ ਵਿਚ ਬਹਿ ਸਕਦਾ ਸੀ ਤੇ ਤੱਤੇ ਥੰਮ ਨੂੰ ਜਫੀ ਪਾ ਸਕਦਾ ਸੀ, ਠੰਢ ਵਿਚ ਸਿਦਕ ਆਉਂਦਾ ਹੈ, ਅੱਗ ਵਿਚ, ਕੀ ਸਿਦਕ ! ਕੀ ਈਮਾਨ ! ਸੋ ਸੰਸਾਰ ਜਲੰਦਾ, ਆਪਣੀ ਬਾਲੀ ਅੱਗ ਬੁਝਾਣ ਨੂੰ



their love is hot, Oh (God)! Fire, fire everywhere, inside fire, outside fire, fire in the day. The world itself is fire. Sitting in such fires is Praihlaadh – his mind attuned to God. Mind is cool, thoughts are cool, tongue is cool, heart is cool, the heart free from desires is fresh. The roots, sunk into God-spontaneously sunk, unaware they are sunk. The mind focused at one point The ambrosial nectar flowing from the hair roots. Even the fire is paying obeisance. Gods devotee is sitting down. Only Waheguru's love is cool. God's Name is cool. 'Konak naam khoda-eeaa.' Aligning with God's Name, the child of man experiences coolness, experiences true peace and comfort, the soul is cooled.The mind, instead of darting here and there, turns cool. God's blessings save. 'The hot vapour of air touches not one who takes shelter in God'.

Mankind is searching for this coolness. The creation is searching for this coolness. That's the way man's life is being fashioned. When mother meets her lost child, she hugs the child. That and at that moment only, the flash of coolness strikes. When man's desire, sharp and focused, fruits in the grips of lust, anger, greed, attachment and ego, upon that fruiting this flash of coolness strikes. When a hungry man finds a piece of bread, then he experiences certain peace in his eyes. That peace (experienced by the hungry man) is the reflection of the peace (of coolness). When a thirst driven man (suddenly) finds water, then he experiences this very feeling (of coolness) like a bolt of lightening. The haves and the have-nots keep searching for this Divine Coolness. They are in the midst of life giving, unceasing, eternal desire for this coolness of Naam. This desire is the matrix of the creation. It cannot be destroyed. How can coolness fall as rain? Lust, anger, greed, attachment, ego, as long as they reside in the centre of the mind, consciousness, intellect, innate focus, focus of the inner being, they are man's enemies.

The soul becomes cool, the tiny, smaller than hair, ray-like fire, subtle roots of the consciousness – how can they take take root in the Formless Creator, the Infinite. These then are the beautiful ornamentations of the 'mankind', utensils, weapons, chakars. If not then you have only sheets of fire. All of man's internal hue (make-up), the fire of misery has been set alight by these five (kaam, krodh, lobh, moh, ahankar). A major proportion of the misery in the world is the tumult set alight by them. In serving them, that peace that is in the hands of simran orientated sadhus like Bhilol Shah, is not there. Doesn't the coolness descend, the coolness which Praihlaadh kept in his heart when he has to sit in the fire and embrace a heated pillar? In coolness faith comes. What faith is there in fire? What love? The world, engulfed in fire

ਦੀਨਾਂ ਮਜ਼ਬਾਂ ਵਲ ਦੌੜਿਆ, ਇਹ ਉਥੇ ਵੀ ਜਾ ਸੜਦੇ ਹਨ, ਮਜ਼ਬਾਂ ਨੂੰ ਭੀ ਏਨ੍ਹਾਂ ਨੇ ਅੱਗ ਲਾ ਦਿਤੀ, ਉਹ ਅੰਦਰ ਜੋ ਅੱਗ ਲਗੀ ਸੀ, ਜਿਥੇ ਗਿਆ, ਉਥੇ ਹੋਰ ਵੱਧੀ, ਸਾੜ ਬੁਝੀ ਨਾ, ਠੰਢ ਪਈ ਨਾ, ਉਹ ਠੰਢ ਕਿਥੇ ਹੈ? ਭਰਮਾਂ, ਵਹਿਮਾਂ, ਮਜ਼ਬਾਂ ਦੇ ਫਸਾਦਾਂ, ਜੰਗਾਂ, ਧੜੇ-ਬਾਜੀਆਂ, ਅਹੰਕਾਰ ਦੇ ਵਲਵਲਿਆਂ, ਮਨ ਸੰਤੁਸ਼ਟੀਆ, ਮਨ ਘੜੇ ਅਸੂਲ, ਮਨ ਪਰਚਾਵਿਆਂ, ਆਦਿ ਦੇ ਜਾਲਾਂ ਵਿਚ ਤਾਂ ਇਨ੍ਹਾਂ ਜ਼ਹਿਰ ਚੜਦਾ ਹੈ ਕਿ ਭੰਗੀਆਂ ਪੋਸਤੀਆਂ ਵਾਂਗ, ਲੋਕੀ ਮਜਬ ਦੇ ਅਸੂਲਾਂ ਤੇ ਸ਼ਰੀਅਤਾਂ ਵਿਚ ਪੇ ਕੇ ਮਰ ਜਾਂਦੇ ਹਨ, ਪਤਾ ਨਹੀਂ ਇਊਂ ਸੰਸਾਰ ਕਿਉਂ ਜਲ ਰਿਹਾ ਹੈ। ਅੱਗਾਂ, ਦਿਲਾਂ, ਸ਼ਹਿਰਾਂ, ਮੁਲਕਾਂ ਨੂੰ ਲਗੀਆਂ ਹੋਈਆਂ ਹਨ, ਆਪਾ-ਧਾਪੀ ਪਈ ਹੋਈ ਹੈ, ਸ਼ੋਰ, ਤ੍ਰਿਸ਼ਨਾ, ਕੂੜ, ਮਾਰ ਰਿਹਾ ਹੈ, ਇਹ ਆਪਣੇ ਹੱਥੀ ਲਾਈਆਂ ਹੋਈਆਂ ਅੱਗਾਂ ਹਨ। ਇਸ ਅੱਗ ਵਿਚ ਕੋਈ ਰੱਬ ਦਾ ਬੰਦਾ, ਕੋਟਨ ਮੈ ਕੋਊ, ਠੰਡਾ ਹੈ, ਉਹ ਅੱਗ ਵਿਚ ਬੈਠਾ ਠੰਡਾ ਹੈ, ਅੱਗ ਉਸ ਨੂੰ ਕੁਝ ਨਹੀਂ ਕਹਿੰਦੀ, ਉਹਦੇ ਸਿਰ ਤੇ ਲਾਲ ਸ਼ੁਆਲਿਆਂ ਦਾ ਤਾਜ ਬਣਾ, ਅੱਗ ਕੁਰਬਾਨੀ ਹੁੰਦੀ ਹੈ।

ਠੰਡੀ ਸੁਰਤ, ਅੰਦਰ ਆਪੇ ਵਿਚ ਕੱਠੀ ਹੋਈ ਸੁਰਤ, ਇਕ ਨੁਕਤਾ ਹੈ, ਜਿਹੜਾ ਹੱਥ ਨਹੀਂ ਆਉਂਦਾ। ਇਕ ਨੁਕਤੇ ਵਿਚ, ਗੱਲ ਮੁਕਦੀ ਹੈ, ਪਰ ਉਹ ਨੁਕਤਾ ਹੱਥ ਨਹੀਂ ਆਉਂਦਾ। ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ, ਇਸ ਆਪਣੇ ਅੰਦਰ ਦੇ ਕੇਂਦਰ ਦੀ ਪ੍ਰਾਪਤੀ ਲਈ, ਹਥਿਆਰ ਹਨ, ਪਰ ਇਨ੍ਹਾਂ ਦੀਆਂ ਖਾਹਸ਼ਾਂ ਦੇ ਫੈਲਾਓ ਨੇ ਕਿੰਨੀ ਅੱਗ ਮਚਾ ਰਖੀ ਹੈ।

ਇਸ ਅੱਗੀ ਸੰਸਾਰ ਵਿਚ, ਕਰਮ-ਖੇਤਰ ਦੀ ਤਪਸ਼ ਵਿਚ, ਕਿਧਰੇ ਠੰਡ ਪ੍ਰਾਪਤ ਹੋ ਜਾਵੇ! ਤਪਿਆ ਪਿਆਰ ਮੋਹ ਹੋ ਜਾਂਦਾ ਹੈ, ਤਪੀ ਭਗਤੀ ਕਾਮ ਹੋ ਜਾਦੀ ਹੈ, ਤਪੀ ਸੁਰਤ ਹੀ ਅਹੰਕਾਰ ਹੈ, ਤਪੀ ਜੀਵਨ ਤੀਬਰਤਾ, ਜੀਵਨ ਜੋਸ਼—ਕ੍ਰੋਧ ਹੋ ਜਾਂਦਾ ਹੈ। ਮਜ਼ਬਾਂ ਦੇ ਵੈਰ, ਦਵੈਤ, ਤਪੀ ਹੋਈ, ਮੋਈ ਹੋਈ, ਮਨੂਰ ਹੋਈ ਜਗਿਆਸਾ ਹੀ ਤਾਂ ਹੈ। ਇਉਂ ਦੀਨਦਾਰ, ਦੁਨੀਆਂ ਦਾਰਾਂ ਤੋਂ ਵਧ ਜ਼ਹਰੀਲੇ ਹੋ ਜਾਂਦੇ ਹਨ, ਤਪੀ-ਤਪਸਿਆ—ਕ੍ਰੋਧ, ਤਪਿਆ ਗ੍ਰਿਹਸਤ-ਵਿਰੋਧ, ਤਪੀ ਅਕਲ—ਸ਼ੈਤਾਨ, ਤਪੀ ਅਰੋਗਤਾ—ਬੀਮਾਰੀ, ਤਪਿਆ ਚਿਤ—ਦੁਖ ਤੇ ਕਲੇਸ਼।

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ਼ ਤਨ ਮਾਹਿ ਮਿਟਾਵਉ ॥ (ਪੰਨਾ 262)

ਇਉਂ ਧਰਮ ਕਰਮ ਵੀ, ਜਪ, ਤਪ, ਪੂਜਾ, ਸੇਵਾ, ਹਾਂ ਜੀ ਪਿਆਰ ਆਦਿ ਸਭ ਰੋਗ ਹਨ, ਕੁਝ ਸਰੀਰਕ ਤੇ ਕੁਝ ਮਾਨਸਿਕ, ਦੀਨ ਵੀ ਮਰਜ਼ ਹੈ, ਦੁਨੀਆਂ ਦੇ ਕਰਮ, ਜੋਗ, ਸਭ ਮਰਜ਼ਾਂ ਹਨ, ਤਪਸਾਂ ਹਨ, ਹਾੜ੍ਹੇ ਹਨ, ਸੁਰਤ ਟਿਕਾ ਵਿਚ ਨਹੀਂ, ਦਿਲ ਥਾਂਇ ਨਹੀਂ। ਦੀਨ ਵਿਚ ਵੀ ਤ੍ਰਿਸ਼ਨਾ ਨੇ ਬੰਦੇ ਮਾਰ ਲਏ, ਦੁਨੀਆਂ ਵਿਚ ਤਾਂ ਇਸ 'ਹਫ' ਨੇ ਅਗੇ ਹੀ ਮਾਰ ਰਖੇ ਹਨ, ਹਾਇ ਠੰਡ ਕਿਥੇ?



run towards the religion of the masses to put our the fire it set itself. Even here they get burnt, as they have set the religions on fire too. The fire that was burning inside (man), wherever he went, the fire burnt even more. The burning didn't stop. coolness didn't descend. Where is that coolness? There is so much poison flowing in the doubt fallacies, in suspicions, in religious troubles, wars, factionalism, in the emotions of egotism, in mid gratifying activity, in rules and regulations created by the mind, in mind's (thirst for) entertainment, that like the drug addicts, people get all consumed in the rules and regulations and dos' and don'ts of religion. It is so difficult to understand why the world is burning in such a fire. The hearts,, towns, countries are on fire. Every where each is for himself. Noise, desire, falsehood is killing away. These are the fires that we have lighted up with our own hands. In these fire, one in a million man of God is cool. Sitting in the fire he is cool. The fire does not affect him. The fire's red flames sacrifice themselves by becoming a crown of such a soul.

The cool consciousness, the consciousness gathered in the innate self within, is one 'thing' which cannot be grasped. In this 'thing' the story ends. But the 'thing' cannot be grasped. Lust, anger, greed, attachment and ego are weapons to win over the centre of our being. But the proliferation of their desires have created such a huge fire.

If only in this burning world coolness can descend upon the heated ground of action and reaction!!! Heated love becomes attachment. Heated worship turns to lust. Heated consciousness turns to ego. Heated pointed ness or enthusiasm in life turns into anger. Out of all this religious quarrels, duality, has grown the quest that is heated, that is without life, that is but rust. In this way the religious bigots, making more haste that he man of the masses, becomes even more poisonous. Heated meditation turns to anger, heated householder rises to oppose and confront, heated intellect turns to Satan, heated health turns to disease, heated consciousness turns to misery and torment.

*Meditate, meditate, meditate in remembrance of Him, and find peace.*
*Worry and anguish shall be dispelled from your body.* 262 M5 L10

In this (heated) state religious activity like mediation, penance, worship, service, O yes! love etc. too becomes diseases –some physical, some mental. People's actions-reactions, religious pursuits are all ailments, are sicknesses, are cries. The consciousness is not stable. The heart is not at ease. Religious zeal killed people. In the world this panting (fear) of religious persecution has already killed so many. O God!! where is the coolness?

ਸਦੀਆਂ ਤਕ ਤੂੰ ਸਮਝੀ ਜਾਵੇਂਗਾ ਕਿ ਤੂੰ ਬੜੀ ਰੂਹਾਨੀ ਤਰੱਕੀ ਕਰ ਰਿਹਾ ਹੈਂ, ਤੇਰੇ ਜਿਹਾ ਕੋਈ ਨਹੀਂ, ਤੂੰ ਬੜਾ ਦੀਨਦਾਰ ਹੈ, ਬੜਾ ਪੁਨ-ਆਤਮਾ ਹੈ, ਬੜਾ ਤਪ ਕਰ ਰਿਹਾ ਹੈ, ਤੂੰ ਆਪਣੇ ਆਪ ਨੂੰ ਅੰਦਰਵਾਰ ਪਾਰਗਰਾਮੀ ਸਮਝਣ ਲਗ ਪਿਆ ਹੋਵੇਗਾ। ਯਾਦ ਰੱਖ, ਸਦੀਆਂ ਪਿਛੋਂ, ਗਹੁ ਕਰਕੇ ਜਦ ਤਕੇਂਗਾ, ਤਾਂ ਤੈਨੂੰ ਪਤਾ ਲਗ ਜਾਇਗਾ, ਕਿ ਤੂੰ ਚਲਦਾ ਭੀ ਉਥੇ ਹੀ 'ਖੜਾ' ਹੈਂ, ਜਿਥੋਂ ਤੂੰ ਚਲਿਆ ਸੀ। ਭਾਈਆ ! ਰੂਹਾਨੀ ਤਰੱਕੀ ਐਉਂ ਨਹੀਂ ਹੁੰਦੀ, ਜਦ ਕਿਸੀ ਦੀ ਨਦਰ ਤੇਰੇ ਪਰ ਪਵੇਗੀ, ਤਦ ਜਿਹੜਾ ਕਦਮ ਚੁਕੇਂਗਾ, ਉਹ ਇਕ ਇਕ ਕਦਮ ਇਕ ਇਕ ਮੰਜ਼ਲ ਹੋਵੇਗੀ। ਰੂਹਾਨੀ ਤਰੱਕੀ, ਆਤਮਿਕ ਉੱਨਤੀ, ਕਿਸੀ ਦੀਆਂ ਨਦਰਾਂ ਦੀ ਖੇਡ ਹੈ, ਭਾਈ ਗੁਰਦਾਸ ਜੀ ਇਸੀ ਅੰਦਾਜ ਵਿਚ ਫੁਰਮਾਉਂਦੇ ਹਨ :—

ਲਖ ਧਿਆਨ ਸਮਾਧਿ ਲਾਇ ਗੁਰਮੁਖਿ ਰੂਪਿ ਨ ਅਪੜਿ ਸਕੇ ॥
ਲਖ ਗਿਆਨ ਵਖਾਣਿ ਕਰਿ ਸਬਦ ਸੁਰਤਿ ਉਡਾਰੀ ਥਕੈ ॥
ਬੁਧਿ ਬਲ ਬਚਨ ਬਿਬੇਕ ਲਖ ਢਹਿ ਢਹਿ ਪਵਨਿ ਪਿਰਮ ਦਰਿ ਧਕੇ ॥
ਜੋਗ ਭੋਗ ਬੈਰਾਗ ਲਖ ਸਹਿ ਨ ਸਕਹਿ ਗੁਣ ਵਾਸੁ ਮਹਕੇ ॥
ਲਖ ਅਚਰਜ ਅਚਰਜ ਹੋਇ ਅਬਿਗਤਿ ਗਤਿ ਅਬਿਗਤਿ ਵਿਚਿ ਅਕੇ ॥
ਵਿਸਮਾਦੀ ਵਿਸਮਾਦੁ ਲਖ ਅਕਥ ਕਥਾ ਵਿਚ ਸਹਿਮ ਸਹਕੇ ॥
ਗੁਰਸਿਖੀ ਦੇ ਅਖਿ ਫਰਕੇ ॥ (ਭਾਈ ਗੁਰਦਾਸ ਜੀ ਵਾਰ 28—22)

ਜਿਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ 'ਮੈਲ' ਕਿਹਾ ਹੈ। 'ਹਮ ਮੈਲੇ ਤੁਮ ਊਜਲ ਕਰਤੇ', ਇਹ ਅੰਦਰ ਦੀ ਆਪ ਬਾਲੀ ਅਗ ਹੈ, ਜਿਹੜੀ ਸੁਰਤ ਨੂੰ ਖਿੰਡਾਉ ਵਿਚ ਲੈ ਜਾਂਦੀ ਹੈ। ਠੰਡੀ ਸੁਰਤ—ਸਦਾ ਇਕੱਠੀ ਹੁੰਦੀ ਹੈ, ਠੰਡਾ ਰੂਹ—ਰੱਬ ਦੇ ਨਾਲ ਮਿਲਿਆ ਹੁੰਦਾ ਹੈ, ਰੱਬ ਉਹਦੇ ਵਿਚ ਹੁੰਦਾ ਹੈ। ਤਪੀ ਸੁਰਤ ਪਾਪ ਹੈ, ਠੰਡੀ ਸੁਰਤ ਪੁੰਨ ਹੈ, ਮੈਲ ਇਸੀ ਅੱਗ ਦਾ 'ਲਾਬਾਂ' ਹੈ, ਜਿਹੜਾ ਲਗ ਜਾਂਦਾ ਹੈ, ਤੇ ਰੂਹ ਸੜ ਜਾਂਦੀ ਹੈ। ਆਪਣੇ ਕਰਮ ਕਰਨ ਨਾਲ ਮੈਲੇ ਹੋ ਜਾਈਦਾ ਹੈ, ਕਦੀ ਕਿਸੀ ਹੋਰ ਦੇ ਕਰਮ ਵੀ ਮਾਰ ਦਿੰਦੇ ਹਨ, 'ਛੂ' ਹੈ ਨਾਂ! ਲਗ ਜਾਂਦੀ ਹੈ, ਚੰਗੀ ਵੀ, ਮੰਦੀ ਵੀ। ਇਨਸਾਨ ਇਕ ਹੈ, ਇਸ ਕਰਕੇ ਮਖਲੂਕ ਦੇ ਕਰਮਾਂ ਦਾ ਅਸਰ, ਇਕ ਇਕ ਸ਼ਖਸ਼ ਤੇ ਪੈਂਦਾ ਹੈ, ਤੇ ਇਕ ਸਖਸ਼ ਦੇ ਕਰਮ ਦਾ ਅਸਰ, ਮਖਲੂਕਤਿ ਤੇ। ਸਭ ਦੁਨੀਆਂ ਦੇ ਕਰਮ, ਇਉਂ ਮੇਰੇ ਹੀ ਕਰਮ ਹਨ। ਮੈਨੂੰ 'ਮੈਂ' ਹੀ ਮੈਲ ਲਾਉਂਦੀ ਹੈ। ਇਸ ਵਿਚ ਕੋਈ 'ਹਰਿਆ ਬੂਟ ਰਹਿਓ ਰੀ।' ਬਸ, ਸਭ ਕੁਝ ਉਹੋ ਹੀ ਰੱਬ ਹੈ। ਜੇ ਸੁਰਤ ਤਪੀ ਹੈ, ਖਿੰਡੀ ਹੈ, ਮੈਲੀ ਹੈ, ਭਾਰੀ ਹੈ, ਉਹੋ ਪੰਜ ਜਵਾਨ ਸੇਵਾ ਕਰਨ ਵਾਲੇ ਹਨ, ਉਹੋ ਪੰਜ ਵੈਰੀ ਹਨ। ਉਹੋ ਕੁਦਰਤ ਹਰਿ 'ਰੂਪ' ਹੈ, ਉਹੋ ਕੁਦਰਤ ਖਾਣ ਨੂੰ ਆਉਂਦੀ ਹੈ। ਉਹੋ ਸਭ ਮਜ਼ਬ, ਸਭ ਦੁਨੀਆਂ ਉਹ ਦੀ ਰਜ਼ਾ ਹੈ, ਤੇ ਸੋਹਣੇ ਹੈਨ, ਤੇ ਉਹੋ ਰੰਗ ਹੈ ਤੇ ਮਹਾਂ ਰੰਗ ਹੈਨ, ਜਿਥੇ ਜੀਵਨ ਸੁਖ ਰੂਪ ਹੈ। ਇਕ ਨੁਕਤਾ ਹੈ,



For centuries you'll keep thinking that you are very religious, making spiritual progress, no one is like you. You are religious minded, a very charitable soul, doing lot of meditation. You may have inwardly begun to consider yourself one who can ferry the arduous world ocean. Take heed. When you look back centuries later, you will come to understand that while (you thought you were) moving, you were actually 'stationary' at the point you started at. O brother, spiritual progress doesn't take place in this way. When someone's glance falls upon you, each one of your steps will become a milestone. Spiritual progress, divine blooming is the play of someone else's blessed glance. Bhai Gurdas in the same tone says:-

*Millions of meditational postures and concentrations cannot equal the form of the gurmukh.*
*Millions got tired with learning and elaborations and with flights of consciousness to reach the divine Word.*
*Millions of people using their intellect and powers talk of discerning wisdom but they fall and stagger, and, at the door of the Lord they get jolts and blows.*
*Millions of yogis, pleasure seekers and recluses cannot bear the passions and fragrance of the three qualities of nature (sattv, rajas and tamas).*
*Millions of wonderstruck people have got tired of the unmanifest nature of the unmanifest Lord.*
*Millions are awe-struck, with the ineffable story of that wondrous Lord.*
*They all are equal to the delight of one moment of the life of a Sikh of the Guru.* Bhai. Gurd.Vaar 28/22

That which is deemed as 'filth' in Guru Granth Sahib-(I'm filthy, You O Waheguru are sparkling clean', is a fire that we have lighted ourselves. This fire causes the mind to scatter. A cool mind is always focused. A cool soul is united with God. God is present (in that mind). A hot mind is evil. A cool mind is virtuous. Filth is mind's wisp of hay which (easily) catches fire and burns the soul. We become dirty doing our own deeds. Sometimes we even kill the deeds of others as well. It is 'touch', isn't it?. It does rub off (passed on from one to another) – the good and bad. Mankind is one. That is why the effect of the deeds of created beings affect an individual and the deeds of one individual affect the whole mankind. In this way the deeds of the whole mankind are my deeds as well. The 'me' in me pollutes me with dirt. There is a green life bearing plant that is present in the creation. Yes, everything that is, is good. If the mind is hot, scattered, dirty then it is heavy. The five youths (in such a mind) are present to serve. These five then are our enemies too. The creation is the embodiment of God. That same creation is ready to pounce. All the religions - the whole mankind in fact is (the result of) His Will and as such is beautiful. He is the colour, the Supreme colour where life experiences peace. There is one point

ਪਰ ਕੋਈ ਵਿਰਲਾ ਬਖਸ਼ਿਆ ਹੋਇਆ ਪਹਿਚਾਨਦਾ ਹੈ। ਜਿਸ ਨੂੰ ਇਹ ਦਾਉ ਆ ਗਿਆ, ਉਹ ਆਪਣੀ ਸੁਰਤ ਦੇ ਲਹਾਉ, ਚੜ੍ਹਾਉ, ਤਤਾ-ਪਨ, ਠੰਡਾ-ਪਨ, ਮੈਲਾ-ਪਨ ਤੇ ਉਜਲਤਾ, ਨਿਰਮਲਤਾ, ਸਰਲਤਾ, ਹਲਕਾਪਨ, ਭਾਰਾਪਨ ਆਦਿ, ਪਹਿਚਾਨਣ ਲੱਗ ਗਿਆ। 'ਆਪ' ਵਿਚ ਜੋਖਦਾ ਹੈ। ਢਹਿਣਾ ਉਠਣਾ ਤਾਂ ਹੈ ਹੀ, ਪਰ 'ਰੂਹਾਨੀ ਹਾਲਤ' ਆਰੰਭ ਹੋ ਗਈ। ਬੇਹੋਸ਼ੀ ਥੀ ਹੋਸ਼ ਆਈ, ਮੌਤ ਥੀਂ ਮੋੜਾ ਪਿਆ। ਗਫਲਤ, 'ਮੁਰਦਾ-ਸੰਤੁਸ਼ਟੀਆਂ' ਦਾ ਰੰਗ ਛੁੱਟਾ, ਜੀਵਨ ਹਿਲਿਆ, ਧੜਕਿਆ, ਪਿਆਰ ਦੀਆਂ ਪੀੜਾਂ ਛਿੜੀਆਂ, ਪੀੜ, ਦੁਖ ਪਰਤੀਤ ਹੋਣ ਲਗ ਪਏ, ਦਰਦ ਉਠਣ ਲਗ ਪਈ, 'ਹਾਏ' 'ਹਾਏ' ਹੋਣ ਲੱਗ ਪਈ। 'ਜੀ ਪਿਆ', ਜ਼ਹਿਰ ਝੜਨ ਲਗ ਪਿਆ। ਪਰ ਇਹ ਬੜੀ ਉਚੀ ਹਾਲਤ ਦੀ ਖੇਡ ਹੈ, ਕੋਈ ਵਿਰਲਾ ਹੈ, ਜਿਸ ਨੂੰ ਇਸ 'ਨੁਕਤੇ' ਦਾ ਪਤਾ ਲਗਦਾ ਹੈ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :—

> ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ ॥
> ਸਬਦ ਸੁਰਤ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ ॥
> ਸਾਧ ਸੰਗਤਿ ਵਿਚ ਮੀਨੁ ਹੋਇ ਗੁਰਮਤਿ ਸੁਖੁ ਪਾਵੈ ॥
> ਚਰਣ ਕਵਲ ਚਿਤਿ ਭਵਰੁ ਹੋਇ ਸੁਖ ਰੈਣਿ ਵਿਹਾਵੈ ॥
> ਗੁਰ ਉਪਦੇਸੁ ਨ ਵਿਸਰੈ ਬਾਬੀਹਾ ਧਿਆਵੈ ॥
> ਪੀਰ ਮੁਰੀਦਾਂ ਪਿਰਹੜੀ ਦੁਬੀਧਾ ਨ ਸੁਖਾਵੈ ॥ (ਭਾਈ ਗੁਰਦਾਸ ਜੀ ਵਾਰ 27—14)

ਖਣਕ ਦੀਨ, ਖਣਕ ਦੁਨੀਆਂ, ਇਕ ਮੁਲ ਦੀਆਂ ਚੀਜ਼ਾਂ ਹਨ, ਪਰ ਖਣਕ ਦੀਨ ਜਾਂ ਖਣਕ ਦੁਨੀਆਂ ਦੇ 'ਸਾਮਾਨਾਂ' ਵਿਚ, ਇਸ ਠੰਡ ਦਾ ਜ਼ਾਤੀ ਤਜ਼ਰਬਾ, ਇਨਸਾਨ ਦੀ ਉਮੈਦ ਨੂੰ ਪ੍ਰਾਣ ਬਖਸ਼ਦਾ ਹੈ। ਹਾਂ, 'ਕੁਛ ਹੈ', ਏਹ ਆਪ ਨੂੰ ਪਰਤੀਤ ਹੁੰਦੀ ਹੈ, ਅੰਦਰ ਘਟਦਾ ਹੈ, ਪੁੰਹਦਾ ਹੈ, ਜਿਵਾਲਦਾ ਹੈ, ਚਿਤ ਕਰਦਾ ਹੈ ਕਿ ਬਾਹਰਮੁਖੀ, 'ਆਪਾ-ਧਾਪੀ ਬਿਕਰਾਲ', 'ਦੁਬਿਧਾ-ਬਿਕਰਾਲ', 'ਹੰਕਾਰ ਤੇ ਦਵੈਤ ਬਿਕਰਾਲ', ਕਿਰਪਣਤ-ਕੰਗਾਲਤਾ ਬਿਕਰਾਲ, 'ਖੁਦਗਰਜ਼ੀ-ਮੋਹ-ਨੀਚਤਾ ਬਿਕਰਾਲ', ਹਿੰਸਾ, ਦਿਲ-ਦੁਖਾਉਣਾ, ਦੁਖ ਦੇਣਾ ਆਦਿ, ਅਨਾਤਮ ਧੰਧਿਆਂ ਵਿਚ ਰੱਬ ਵਲ ਮੂੰਹ ਕਰ ਟੁਰੀਏ, ਪਰ ਕਲਜੁਗ ਚੜ੍ਹੇ ਦਰਿਆ ਵਾਂਗ ਠਾਠਾਂ ਮਾਰ ਰਿਹਾ ਹੈ। ਸਭ ਕੋਈ ਹਿਠਾਰਾਂ ਨੂੰ ਹੀ ਵਹੀ ਜਾਂਦਾ ਹੈ, ਕੋਈ ਸੂਰਮਾ ਹੀ ਉਪਰ ਨੂੰ ਟੁਰੇ ਤਾਂ ਟੁਰੇ। ਦਰਿਆ ਦੇ ਰੋੜ੍ਹ ਦੇ ਬਰਖਿਲਾਫ ਆਪਣੀਆਂ ਬਾਹਾਂ ਮਾਰੇ, ਸੱਚੀ ਸੂਰਮਤਾਈ ਇਸੇ ਵਿਚ ਹੈ। ਰਸਾਤਲ ਨੂੰ ਵਗੇ ਤਾਂ ਸਾਰੇ ਹੀ ਜਾਂਦੇ ਹਨ।

ਇਹ ਗੱਲ ਸੌਖੀ ਨਹੀਂ, ਸੁਰਤ ਨੂੰ, ਰੂਹ ਨੂੰ, ਰੱਬ ਵਿਚ ਜੋੜੀ ਰਖਣਾ, ਲਗਾਤਾਰ ਉਸ ਵਿਚ 'ਸਾਹ ਲੈਣਾ', ਜਦ ਜ਼ਰਾ ਠੰਡ ਨਾਲ ਦਿਲ ਤੇ ਜੁੱਸਾ ਲਗਦਾ ਹੈ, ਤਦ ਦਿਲ ਕਰਦਾ ਹੈ, ਕਿ ਕਿਸੀ ਨੂੰ ਨਾ ਮਿਲੀਏ, ਇਸ ਠੰਡ ਨੂੰ 'ਘੁਟ' ਦਿਲ



which only some rare blessed soul is able to recognise. He who discovers this knowledge, he is able to distinguish between the ups and downs, the heat and the cold, the dirt, the brightness, the purity, the simplicity, the softness, the fearfulness etc. He is able to weigh himself against himself. The ups and downs are there but the 'spiritual awakening' has just taken root. Stuper was there but now awareness has arrived. Death was certain but a turn around has taken place. Unmindfulness and dead (unfruitful) enjoyments lost their colour. Life began to vibrate, tremble. Pangs of love erupted. Ache and anxiety appeared. Pain welled up. 'Haa-eh haa-eh' (expression of pain caused by separation) started. He 'became alive'. Poison started to seep away. But this is the play of some very lofty state of life. Only the rare one comes to know this 'point'.

> *Beholding the flame (of the lamp), as the moth mingles with the flame and the deer absorbs its consciousness in the melodious Word,*
> *Likewise in the river of holy congregation, the Sikh becoming fish and adopting the way of the wisdom of the Guru, enjoys the life.*
> *By becoming black bee of the lotus feet (of the Lord), the Sikh spends his night ecstatically. He never forgets the teaching of the Guru and repeats it as the rainbird does in the rainy season.*
> *The love between the Guru and the disciple is such that they do not like the sense of duality.*
> *From Bh Gurd. (Nature of the Love of Sikh withGuru) Var 27/14*

The pain of religious people and the pain of ordinary people are things exhibiting the same value. But between these two points is an experience of exclusive coolness which gives life to man's hope. Yes, there is something. You can feel it. It takes place within. It's felt within. It awakens. The mind finds the external 'hustle and bustle horrible', 'uncertainty repulsive', 'pride and duality dreadful', miserliness and destitution horrible', 'selfishness, attachment, lowliness frightful', killings, hurting someone, tormenting some one etc. (Having little choice) let us face God and walk towards Him in the midst of such soulless deeds. But kaljug (evil force) is rushing forward like the rising flood waters of a river. Everyone is moving with this current. Only a brave warrior can stand up and walk against this tide. He swims against the tide of the rushing water. Courage lies in doing this. But the masses are being carried by the current to hell.

It is not easy to keep consciousness and the heart connected with God, continuously, keep breathing continuously (in His presence). When the body and heart experiences a slight touch of coolness, then the heart feels it does not want to meet anyone. We should 'grasp' this coolness and hold it fast in the heart,

**ਵਿਚ ਰਖੀਏ, ਛਪਾ ਲਈਏ, ਕਿਸੀ ਨੂੰ ਨਾ ਦਸੀਏ, ਤੇ ਜੰਗਲਾਂ ਨੂੰ ਨਸ ਟੁਰੀਏ।** ਏਹ ਇਸਤਰੀ, ਪੁਤਰ, ਮਿੱਤਰ, **ਭਾਈ ਸਭ ਮੇਰੇ ਵੈਰੀ ਹਨ, ਮੈਨੂੰ ਤਪਾ ਦਿੰਦੇ ਹਨ, ਮੇਰੀ 'ਠੰਡ' ਹਰ ਲੈਂਦੇ ਹਨ, ਇਉਂ ਕਰਮ-ਸੁਰਤਿ ਨੂੰ ਮੁੜ ਤਪਾਣ ਲਗਦੇ** ਹਨ, ਤੇ ਦੂਜੇ ਪਾਸੇ **ਦਿਲ ਮਿਠਾ ਹੋ ਜਾਣ ਕਰਕੇ,** ਸਭ **ਕੁਟੰਬ ਚੰਗਾ ਲੱਗਣ ਲਗ ਜਾਂਦਾ ਹੈ, ਹੋਰ ਮਿੱਠਾ ਹੁੰਦਾ** ਹੈ ਤੇ ਫਿਰ **ਮਿਠਾਸ** ਆਪਣੇ **ਮਿਠੇਪਣ** ਵਿਚੋਂ **ਸੱਟ ਮਾਰਦੀ** ਹੈ :—

ਪੈਂਡਾ ਹੈ ਦੂਰ ਗੋਰੀਏ ਨੀ, ਧੁਰ ਦੇ ਅਸੀਂ ਮੁਸਾਫਿਰ ॥
ਲੱਖਾ ਮੰਜਲਾ ਤੋਂ ਆਏ, ਅਗੇ ਹੈ ਰਾਹ ਸਵਾਯਾ ॥

ਗੁਰਬਾਣੀ ਇਸ ਬਾਰੇ ਇਵੇਂ ਚਾਨਣ ਪਾਉਂਦੀ ਹੈ :—

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥ ੧ ॥

ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥
ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥
ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ॥ ੨ ॥

ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥
ਸਾਧ ਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥ ੩ ॥

ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ ॥
ਮੋਹ ਮਗਨ ਮਨੁ ਵਿਆਪਿਆ ਚਿੰਦਾ ॥

ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮ ਹਿਆਲੀਐ ॥ ੪ ॥

ਸੰਸਾਰੈ ਮਹਿ ਸਹਸਾ ਬਿਆਪੈ ॥ ਅਕਥ ਕਥਾ ਅਗੋਚਰ ਨਹੀ ਜਾਪੈ ॥
ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ ॥ ੫ ॥

ਛੋਡਿ ਬਹੈ ਤਉ ਛੂਟੈ ਨਾਹੀ ॥ ਜਉ ਸੰਚੈ ਤਉ ਭਉ ਮਨ ਮਾਹੀ ॥
ਇਸ ਹੀ ਮਹਿ ਜਿਸ ਕਿ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ ॥ ੬ ॥

ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥
ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥ ੭ ॥

ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਕਰਿ ਕਰਿ ਵੇਖੈ ਆਪਣੇ ਜਚਨਾ ॥
ਨਾਨਕ ਕੇ ਪੂਰਨ ਸੁਖਦਾਤੇ ਤੂ ਦੇਹਿ ਤ ਨਾਮੁ ਸਮਾਲੀਐ ॥

(ਮਾਰੂ ਮਹਲਾ–5 ਘਰੁ 8 ਅੰਜੁਲੀਆ–1019)



hide it, don't tell anyone, run off to the jungle (of loneness). This wife, son, friends, brother are all my enemies. They make me sick. They steal my 'coolness '. In this way the deeds once again begin to heat the consciousness. On the other side when the heart becomes sweet all family members appear nice and attractive. This sweetness becomes even more pronounced when the sweetness from within itself strikes a blow.

*O Fair one, the journey is long, travellers we are from the very beginning.*
*From thousands of destinations we have come, the way is ahead not too far.*

Gurbani throws light on this matter in the following way:-

1 *The household which is filled with abundance - that household suffers anxiety.*
*One whose household has little, wanders around searching for more.*
*He alone is happy and at peace, who is liberated from both conditions. ||1||*

2 Householders and kings fall into hell, along with renunciates and angry men,
and all those who study and recite the Vedas in so many ways.
Perfect is the work of that humble servant, who remains unattached while in the body. ||2||

3 *The mortal sleeps, even while he is awake; he is being plundered by doubt.*
*Without the Guru, liberation is not obtained, friend.*
*In the Saadh Sangat, the Company of the Holy, the bonds of egotism are released, and one comes to behold the One and only Lord. ||3||*

4 Doing deeds, one is placed in bondage; but if he does not act, he is slandered. Intoxicated with emotional attachment, the mind is afflicted with anxiety. One who looks alike upon pleasure and pain, by Guru's Grace, sees the Lord in each and every heart. ||4||

5 *Within the world, one is afflicted by skepticism;*
*he does not know the imperceptible Unspoken Speech of the Lord.*
*He alone understands, whom the Lord inspires to understand.*
*The Lord cherishes him as His child. ||5||*

6 He may try to abandon Maya, but he is not released.
If he collects things, then his mind is afraid of losing them.
I wave the fly-brush over that holy person, whose honor is protected in the midst of Maya. ||6||

7 *He alone is a warrior hero, who remains dead to the world.*
*One who runs away will wander in reincarnation.*
*Whatever happens, accept that as good. Realize the Hukam of His Command, and your evil-mindedness will be burnt away. ||7||*

8 Whatever He links us to, to that we are linked.
He acts, and does, and watches over His Creation.
You are the Giver of peace, the Perfect Lord of Nanak; as You grant Your blessings, I dwell upon Your Name. ||8|| 1019 m5 L 8

ਹਾਏ ਇਹ ਰਸਤਾ ਕਠਨ ਹੈ :—

ਤੇ ਵਿਰਲੇ ਸੈਂਸਾਰ ਵਿਚ ਦਰਸ਼ਨ ਜੋਤਿ ਪਤੰਗ ਮਿਲੰਦੇ ॥
ਤੇ ਵਿਰਲੇ ਸੈਂਸਾਰ ਵਿਚ ਸਬਦ ਸੁਰਿਤ ਹੋਇ ਮਿਰਗ ਮਰੰਦੇ ॥
ਤੇ ਵਿਰਲੇ ਸੈਂਸਾਰ ਵਿਚ ਚਰਣ ਕਵਲ ਹੋਇ ਭਵਰ ਵਸੰਦੇ :।
ਤੇ ਵਿਰਲੇ ਸੈਂਸਾਰ ਵਿਚ ਪਿਰਮ ਸਨੇਹੀ ਮੀਨ ਤਰੰਦੇ ॥
ਤੇ ਵਿਰਲੇ ਸੈਂਸਾਰ ਵਿਚ ਗੁਰੁ ਸਿਖ ਗੁਰੁ ਸਿਖ ਸੇਵ ਕਰੰਦੇ ॥
ਭੈ ਵਿਚ ਜੰਮਣ ਭੈ ਰਹਨਿ ਮੈ ਭੈ ਵਿਚ ਮਰਿ ਗੁਰੁ ਸਿਖ ਜੀਵੰਦੇ ॥
ਗੁਰਮੁਖ ਸੁਖ ਫਲੁ ਪਿਰਮ ਚਖੰਦੇ ॥ (ਭਾਈ ਗੁਰਦਾਸ ਜੀ ਵਾਰ 28–17)

ਪਰ ਜਿਹੜੇ ਇਸ ਰਸਤੇ ਤੇ ਚਲਦੇ ਹਨ, ਉਨ੍ਹਾਂ ਤੇ ਗੁਰੂ ਦੀ ਦਿਆਲਤਾ ਦਾ ਸਰੂਪ ਭਾਈ ਗੁਰਦਾਸ ਜੀ ਇਸ ਤਰ੍ਹਾਂ ਦਸਦੇ ਹਨ :—

ਅਮਿਓ ਦਿਸਟਿ ਕਰਿ ਕਛੁ ਵਾਂਗਿ ਭਵਜਲ ਵਿਚ ਰਖੈ ॥
ਗਿਆਨ ਅੰਸ ਦੇ ਹੰਸ ਵਾਂਗਿ ਬੁਝਿ ਭਖ ਅਭਖੈ ॥
ਸਿਮਰਣ ਕਰਦੇ ਕੂੰਜ ਵਾਂਗਿ ਉਡਿ ਲਖੈ ਅਲਖੈ ॥
ਮਾਤਾ ਬਾਲਕ ਹੇਤਿ ਕਰਿ ਓਹੁ ਸਾਉ ਨ ਚਖੈ ॥
ਸਤਿਗੁਰ ਪੁਰਖ ਦਇਆਲ ਹੈ ਗੁਰ ਸਿਖ ਪਰਖੈ ॥
ਪੀਰ ਮੁਰੀਦਾਂ ਪਿਰਹੜੀ ਲਖ ਮੁਲੀ ਅਨਿ ਕਖੈ ॥

(ਭਾਈ ਗੁਰਦਾਸ ਜੀ ਵਾਰ 27–13)



OH1 (God) this path is difficult:-

*Rare are those people who like a moth rush toward the flame of the glimpse (of the Lord).*
*They are also rare in the world who merging their consciousness in the Word die like a deer.*
*Rare are they in this world who like black bee adore lotus feet of the Guru.*
*Rare are (the Sikhs) in the world who becoming full of love swim like fish.*
*Such Sikhs of the Guru are also rare who serve other Sikhs of the Guru.*
*Taking birth and sustaining in His order (fear), the Sikhs of the Guru who die while alive (are also rare).*
*Thus becoming gurmukhs they taste the fruit of joy.*

*Bhai Gurd. 28/17 (Rare Sikh)*

Bhai Gurdas tells us about the form which Guru's blessings take for those who travel on this path:-

*As the contraction of limbs saves the tortoise, the ambrosial vision of the Guru saves the Sikh from the world ocean.*
*Like a swan having discriminatory knowledge (of sifting water from milk), this vision of Guru provides wisdom about the edible and the inedible.*
*Like a Siberian crane which keeps in mind its off-springs, the Guru also always takes care of the disciples, and (through his spiritual powers) foresees the invisible.*
*As the mother shares not the pleasures of her son,*
*the Guru also has no demand of the Sikh. The true Guru is kind and (sometime) tests also the Sikhs.*
*The love between the Guru and the Sikh makes the latter invaluable like a blade of grass made worthy of million (coins)*

*Bhai Gurd 27/13 (The nature of the love of Guru)*